ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸੋਮਵਾਰ, 15 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243


# ਪੋਹ

# ਸਰਬੰਸ ਦਾਨੀਆ ਵੇ ਦੇਣਾ ਕੌਣ ਦੇਊਗਾ ਤੇਰਾ...

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥*

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*

## ਸਿੱਖ ਸ਼ਹਾਦਤਾਂ ਦਾ ਸ਼ਿਖਰ : ਪੋਹ ਮਹੀਨਾ

ਪੋਹ ਦਾ ਮਹੀਨਾ ਸਿੱਖ ਸ਼ਹਾਦਤਾਂ ਦੀ ਸਿਖਰ ਹੈ। ਸਾਲ 1704 ਵਿਚ ਬਾਲ ਸ਼ਹੀਦਾਂ ਦੀ ਬੇਮਿਸਾਲ ਸ਼ਹਾਦਤ ਮਨੁਖੀ ਜੀਵਨ ਲਈ ਨਵੀਂ ਸੋਚ ਅਤੇ ਨਵੀਆਂ ਲੀਹਾਂ ਪਾ ਗਈ। ਵਿਸ਼ਵ ਇਤਿਹਾਸ ਵਿਚੋਂ ਲੱਭਿਆਂ ਵੀ ਅਜਿਹੀ ਉਦਾਹਰਣ ਨਹੀਂ ਲਭਦੀ। ਛੋਟੇ ਸਾਹਿਬਜਾਦਿਆਂ ਦੀ ਸਰਹਿੰਦ ਦੀਆਂ ਨੀਹਾਂ ਵਿਚਲੀ ਸ਼ਹੀਦੀ ਨੇ ਮੁਗਲ ਹਕੂਮਤ ਦੀਆਂ ਧੁਰ ਨੀਹਾਂ ਹਿਲਾ ਦਿਤੀਆਂ। ਕੇਵਲ ਛੇ ਸਾਲਾਂ ਬਾਅਦ ਈ 1710 ਵਿਚ ਸਿੱਖ ਸੂਰਬੀਰ ਜਰਨੈਲ ਬੰਦਾ ਸਿੰਘ ਬਹਾਦਰ ਦੇ ਐਨ ਸਾਹਮਣੇ ਸੂਬਾ ਸਰਹੰਦ ਵਜੀਰ ਖਾਨ ਚੱਪੜਚਿੜੀ ਦੇ ਮੈਦਾਨ ਵਿਚ ਢਹਿ ਢੇਰੀ ਹੋ ਗਿਆ ਅਤੇ ਫਤਹਿ ਮਾਰਗ ਤੇ ਅੱਗੇ ਵਧਦਿਆਂ ਖਾਲਸਾ ਰਾਜ ਦੀ ਸਥਾਪਨਾ ਫਤਿਹਗੜ੍ਹ ਤੋਂ ਹੋਈ। ਪੋਹ ਦਾ ਮਹੀਨਾ ਸਾਡੇ ਸਾਰਿਆਂ ਲਈ ਸਵੈ ਮੰਥਨ ਅਤੇ ਗੰਭੀਰ ਸੋਚ ਦਾ ਮਹੀਨਾ ਹੈ। ਜਿਸ ਉਦੇਸ਼/ਮਕਸਦ ਲਈ ਇਹ ਸ਼ਹਾਦਤਾਂ ਦਿਤੀਆਂ ਸਨ ,ਕੀ ਅਸੀਂ ਉਸਦੀ ਰਾਖੀ ਕਰ ਰਹੇ ਹਾਂ ? ਜਾਬਰ ਅਤੇ ਅਨਿਆਈ ਹਕੂਮਤਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਕੀ ਅਸੀਂ ਹਮੇਸ਼ਾ ਤਿਆਰ-ਬਰ -ਤਿਆਰ ਰਹਿੰਦੇ ਹਾਂ ? ਕੋਈ ਵੀ ਕੌਮ ਆਪਣੀ ਵਿਰਾਸਤ ਨੂੰ ਮੁੱਲ ਨਹੀਂ ਖਰੀਦ ਸਕਦੀ। ਵਿਰਸਾ ਸਿਰਜਣ ਲਈ ਮਿਹਨਤ ਅਤੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ।ਪੰਜਾਬ ਦੀ ਧਰਤੀ ਦੇ ਜੋਧੇ ਹਮੇਸ਼ਾਂ ਲਤਾੜੇ ,ਗਰੀਬ ਅਤੇ ਕਮਜ਼ੋਰ ਵਰਗ ਦੀ ਪਿੱਠ ਤੇ ਆਣ ਖਲੋਂਦੇ ਹਨ। ਇਹ ਹੌਂਸਲਾ ਸਾਨੂੰ ਵਿਰਾਸਤੀ ਗੁੜਤੀ 'ਚ ਮਿਲਿਆ ਹੈ। ਪੋਹ ਦੇ ਮਹੀਨੇ ਜਿੱਥੇ ਅਸੀਂ ਅਸੀਮ ਸ਼ਰਧਾਵਾਨ ਬਣ ਕੇ ਫਤਹਿਗੜ੍ਹ ਸਾਹਿਬ ਸਹੀਦੀ ਸਭਾ ਵਿਚ ਹਾਜ਼ਰ ਹੁੰਦੇ ਆਂ, ਓਥੇ ਸਾਨੂੰ ਅੰਤਰਝਾਤ ਮਾਰ ਕੇ ਇਹ ਸੋਚਣ ਦਾ ਮੌਕਾ ਵੀ ਮਿਲਦਾ ਹੈ ਕਿ ਅਸੀਂ ਵਰਤਮਾਨ ਵਿਚ ਆਪਣੇ ਯਤਨਾਂ ਨਾਲ ਜਿਹੜਾ ਇਤਿਹਾਸ ਲਿਖ ਰਹੇ ਹਾਂ, ਕੀ ਆਉਣ ਵਾਲੀਆਂ ਪੀੜੀਆਂ ਸਾਡੇ ਤੇ ਫਖਰ ਕਰ ਪਾਉਣਗੀਆਂ ? ••



ਚਾਰ ਪੁੱਤ ਵਾਰੇ, ਪੰਜਵੀਂ ਮਾਂ ਵਾਰੀ,
ਛੇਵਾਂ ਬਾਪ ਵਾਰਿਆ, ਸੱਤਵਾਂ ਆਪ ਵਾਰਿਆ,
ਸੱਤ ਵਾਰ ਕੇ ਕਹਿਣਾ,
ਭਾਣਾ ਮੀਠਾ ਲਾਗੇ ਤੇਰਾ,
ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ...

Exclusive News

## ਚੋਣ ਡਿਊਟੀ 'ਤੇ ਜਾ ਰਹੇ ਟੀਚਰ ਪਤੀ-ਪਤਨੀ ਦੀ ਹੋਈ ਦਰਦਨਾਕ ਮੌਤ, ਨਹਿਰ 'ਚ ਡਿੱਗੀ ਕਾਰ

**ਮੋਗਾ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੋਗਾ ਵਿੱਚ ਇਕ ਦਰਦਨਾਕ ਹਾਦਸਾ ਹੋਇਆ ਹੈ। ਮੋਗਾ ਦੇ ਬਾਘਾ ਪੁਰਾਣਾ ਦੇ ਪਿੰਡ ਸੰਗਤਪੁਰਾ ਵਿੱਚ ਸੰਘਣੀ ਧੁੰਦ ਕਾਰਨ ਇੱਕ ਕਾਰ ਨਹਿਰ ਵਿੱਚ ਡਿੱਗ ਗਈ। ਕਾਰ ਨਹਿਰ ਵਿੱਚ ਡਿੱਗਣ ਕਾਰਨ ਪਤੀ-ਪਤਨੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਦੋਹਾਂ ਮੋਗਾ ਵਿੱਚ ਸਕੂਲ ਅਧਿਆਪਕ ਸਨ।ਮਰੇ ਹੋਏ ਦੀ ਪਹਿਚਾਣ ਕਮਲਜੀਤ ਕੌਰ ਅਤੇ ਜਸਕਰਨ ਸਿੰਘ ਵਜੋਂ ਹੋਈ ਹੈ। ਅੱਜ ਹੋ ਰਹੀਆਂ ਪੰਚਾਇਤ ਕਮੇਟੀ ਅਤੇ ਜ਼ਿਲ੍ਹਾ ਪਾਰਿਸ਼ਦ ਚੋਣਾਂ ਲਈ ਕਮਲਜੀਤ ਕੌਰ ਦੀ ਪਿੰਡ ਸੰਗਤਪੁਰਾ ਦੇ ਪੋਲਿੰਗ ਬੂਥ 'ਤੇ ਡਿਊਟੀ ਲੱਗੀ ਸੀ। ਜਸਕਰਨ ਸਿੰਘ ਰਵਿਵਾਰ ਸਵੇਰੇ ਪਤਨੀ ਕਮਲਜੀਤ ਕੌਰ ਨੂੰ ਕਾਰ ਵਿੱਚ ਬਿਠਾ ਕੇ ਡਿਊਟੀ 'ਤੇ ਛੱਡਣ ਜਾ ਰਹੇ ਸਨ। ਰਸਤੇ ਵਿੱਚ ਸੰਘਣੀ ਧੁੰਦ ਕਾਰਨ ਉਹਨਾਂ ਦੀ ਕਾਰ ਅਣਨਿਯੰਤਰਿਤ ਹੋ ਕੇ ਸੜਕ ਦੇ ਕੰਢੇ ਨਹਿਰ ਵਿੱਚ ਡਿੱਗ ਗਈ।ਮੌਕੇ 'ਤੇ ਹੀ ਦੋਹਾਂ ਦੀ ਮੌਤ ਹੋ ਗਈ। ਜਸਕਰਨ ਸਿੰਘ ਜ਼ਿਲ੍ਹਾ ਮਾਨਸਾ ਦੇ ਰਹਿਣ ਵਾਲੇ ਸਨ ਅਤੇ ਮੋਗਾ ਵਿੱਚ ਦੋਹਾਂ ਪਤੀ-ਪਤਨੀ ਸਕੂਲ ਅਧਿਆਪਕ ਸਨ। ਉਹ ਪਿੰਡ ਧੂਰਕੋਟ ਰਣਸੀਹ ਵਿੱਚ ਰਹਿੰਦੇ ਸਨ। ਜਸਕਰਨ ਸਿੰਘ ਅੰਗਰੇਜ਼ੀ ਮਾਸਟਰ ਸਨ ਅਤੇ ਮੋਗਾ ਜ਼ਿਲ੍ਹੇ ਵਿੱਚ ਸਕੂਲ ਵਿੱਚ ਪੜ੍ਹਾ ਰਹੇ ਸਨ। ਇਸ ਘਟਨਾ ਦੇ ਬਾਅਦ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਪਹੁੰਚੇ ਅਤੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ।

## ਆਸਟ੍ਰੇਲੀਆ ਦੇ ਸਿਡਨੀ 'ਚ ਵੱਡਾ ਅੱਤਵਾਦੀ ਹਮਲਾ

# ਲੋਕਾਂ 'ਤੇ ਅੰਨ੍ਹੇਵਾਹ ਚੱਲੀਆਂ ਗੋਲੀਆਂ; 10 ਦੀ ਮੌਤ




**ਸਿਡਨੀ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਦਰਅਸਲ, ਸਿਡਨੀ ਵਿੱਚ ਇੱਕ ਸਮੂਹਿਕ ਗੋਲੀਬਾਰੀ ਹੋਈ ਹੈ। ਗੋਲੀਬਾਰੀ ਵਿੱਚ ਲਗਭਗ 10 ਲੋਕ ਮਾਰੇ ਗਏ ਹਨ। ਜਾਣਕਾਰੀ ਮੁਤਾਬਕ ਇਹ ਹਮਲਾ ਯਹੂਦੀ ਤਿਉਹਾਰ ਦੌਰਾਨ ਬੌਂਡੀ ਬੀਚ 'ਤੇ ਆਯੋਜਿਤ ਹਨੁਕਾਹ ਸਮਾਗਮ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਹੁਣ ਸਮੂਹਿਕ ਗੋਲੀਬਾਰੀ ਸੰਬੰਧੀ ਇੱਕ ਬਿਆਨ ਜਾਰੀ ਕੀਤਾ ਹੈ।ਅਲਬਾਨੀਜ਼ ਨੇ ਕਿਹਾ, "ਬੌਂਡੀ ਵਿੱਚ ਸਾਹਮਣੇ ਆ ਰਹੀਆਂ ਤਸਵੀਰਾਂ ਹੈਰਾਨ ਕਰਨ ਵਾਲੀਆਂ ਅਤੇ ਬਹੁਤ ਦੁਖਦਾਈ ਹਨ।ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਮੌਕੇ 'ਤੇ ਹਨ ਅਤੇ ਜਾਨਾਂ ਬਚਾਉਣ ਲਈ ਕੰਮ ਕਰ ਰਹੀਆਂ ਹਨ। ਮੇਰੀ ਸੰਵੇਦਨਾ ਪ੍ਰਭਾਵਿਤ ਹਰ ਵਿਅਕਤੀ ਨਾਲ ਹੈ। ਸਿਡਨੀ ਵਿੱਚ ਹੋਏ ਭਿਆਨਕ ਹਮਲੇ ਤੋਂ ਬਾਅਦ ਜਾਂਚ ਜਾਰੀ ਹੈ। ਆਸਟ੍ਰੇਲੀਆਈ ਪੁਲਿਸ ਨੇ ਕਿਹਾ ਕਿ ਐਤਵਾਰ ਨੂੰ ਸਿਡਨੀ ਦੇ ਬੋਂਡੀ ਬੀਚ 'ਤੇ ਗੋਲੀਬਾਰੀ ਦੀਆਂ ਰਿਪੋਰਟਾਂ ਤੋਂ ਬਾਅਦ ਹੁਣ ਤੱਕ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਘਟਨਾ ਵਿੱਚ ਕਈ ਲੋਕ ਜ਼ਖਮੀ ਹੋ ਗਏ। ਸਥਾਨਕ ਮੀਡੀਆ ਵਿੱਚ ਦਿਖਾਈਆਂ ਗਈਆਂ ਵੀਡੀਓਜ਼ ਤੋਂ ਪਤਾ ਚੱਲਦਾ ਹੈ ਕਿ ਗੋਲੀਬਾਰੀ ਬੀਚ 'ਤੇ ਆਯੋਜਿਤ ਇੱਕ ਯਹੂਦੀ ਹਨੂਕਾ ਸਮਾਗਮ ਦੌਰਾਨ ਹੋਈ। ਗੋਲੀਬਾਰੀ ਯਹੂਦੀ ਤਿਉਹਾਰ, ਹਨੂਕਾ ਦੇ ਸਥਾਨ 'ਤੇ ਹੋਈ, ਜੋ ਸੂਰਜ ਡੁੱਬਣ ਵੇਲੇ ਸ਼ੁਰੂ ਹੋਇਆ ਸੀ। ਹਨੂਕਾ ਅੱਠ ਦਿਨਾਂ ਦਾ ਤਿਉਹਾਰ ਹੈ, ਅਤੇ ਇਹ ਗੋਲੀਬਾਰੀ ਸਮਾਗਮ ਦੇ ਪਹਿਲੇ ਦਿਨ ਹੋਈ।ਸਿਡਨੀ ਮਾਰਨਿੰਗ ਹੇਰਾਲਡ ਦੀ ਰਿਪੋਰਟ ਹੈ ਕਿ ਹਮਲਾਵਰਾਂ ਨੇ ਸ਼ਾਮ 6:30 ਵਜੇ (ਆਸਟ੍ਰੇਲੀਅਨ ਸਮੇਂ ਅਨੁਸਾਰ) ਦੇ ਆਸਪਾਸ ਗੋਲੀਬਾਰੀ ਕੀਤੀ ਜਦੋਂ ਸੈਂਕੜੇ ਲੋਕ ਯਹੂਦੀ ਤਿਉਹਾਰ ਦੀ ਸ਼ੁਰੂਆਤ ਨੂੰ ਮਨਾਉਣ ਵਾਲੇ ਇੱਕ ਬੀਚ ਸਮਾਗਮ ਵਿੱਚ ਇਕੱਠੇ ਹੋਏ ਸਨ। ਵੀਡੀਓ ਵਿੱਚ ਲੋਕਾਂ ਨੂੰ ਜ਼ਮੀਨ 'ਤੇ ਪਏ ਦਿਖਾਇਆ ਗਿਆ ਹੈ। ਆਸਟ੍ਰੇਲੀਆਈ ਪੁਲਿਸ ਨੇ ਐਤਵਾਰ ਨੂੰ ਕਿਹਾ ਕਿ ਸਿਡਨੀ ਦੇ ਬੌਂਡੀ ਬੀਚ 'ਤੇ ਗੋਲੀਬਾਰੀ ਅਤੇ ਜ਼ਖਮੀ ਹੋਣ ਦੀਆਂ ਰਿਪੋਰਟਾਂ ਤੋਂ ਬਾਅਦ ਦੋ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

## ਕੈਨੇਡਾ ਜਹਾਜ਼ ਲੈ ਕੇ ਗਏ ਪਾਕਿਸਤਾਨ ਦੇ 22 ਕਰੂ ਮੈਂਬਰ ਗਾਇਬ !

**ਟੋਰਾਂਟੋ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੀ ਸਰਕਾਰੀ ਏਅਰਲਾਈਨ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (PIA) ਹਾਲ ਹੀ ਦੇ ਸਾਲਾਂ 'ਚ ਲਗਾਤਾਰ ਚਰਚਾ 'ਚ ਰਹੀ ਹੈ। ਇੱਕ ਸਮੇਂ ਦੁਨੀਆ ਦੀਆਂ ਚੰਗੀਆਂ ਏਅਰਲਾਈਨਾਂ ਵਿੱਚ ਸ਼ਾਮਲ ਰਹੀ PIA, ਹੁਣ ਨਾ ਸਿਰਫ਼ ਲਗਾਤਾਰ ਨੁਕਸਾਨ ਕਾਰਨ ਮੁਸ਼ਕਲਾਂ 'ਚ ਹੈ, ਸਗੋਂ ਇਸਦੇ ਕਰਮਚਾਰੀ ਵੀ ਦੇਸ਼ ਛੱਡ ਕੇ ਭੱਜ ਰਹੇ ਹਨ। ਰਿਪੋਰਟਾਂ ਅਨੁਸਾਰ, PIA ਦੇ 22 ਕਰਮਚਾਰੀ ਕੈਨੇਡਾ ਜਾਣ ਤੋਂ ਬਾਅਦ ਲਾਪਤਾ ਹੋ ਗਏ ਹਨ। ਇਨ੍ਹਾਂ ਗਾਇਬ ਹੋਏ ਕਰਮਚਾਰੀਆਂ ਵਿੱਚ ਫਲਾਈਟ ਅਟੈਂਡੈਂਟ, ਕਰੂ ਦੇ ਹੋਰ ਮੈਂਬਰਾਂ ਦੇ ਨਾਲ-ਨਾਲ ਪਾਇਲਟ ਵੀ ਸ਼ਾਮਲ ਹਨ। ਇਨ੍ਹਾਂ ਕਰਮਚਾਰੀਆਂ ਨੇ ਕੈਨੇਡਾ ਸਰਕਾਰ ਤੋਂ ਸ਼ਰਨ ਮੰਗੀ ਹੈ। ਕਰਮਚਾਰੀਆਂ ਦੇ ਇਸ ਤਰ੍ਹਾਂ ਦੇ 'ਲਾਪਤਾ' ਹੋਣ ਦੇ ਰੁਝਾਨ ਨੇ ਸ਼ਾਹਬਾਜ਼ ਸਰਕਾਰ ਲਈ ਸ਼ਰਮਿੰਦਗੀ ਪੈਦਾ ਕਰ ਦਿੱਤੀ ਹੈ। ਕਰਮਚਾਰੀਆਂ ਦੇ ਕੈਨੇਡਾ ਵਿੱਚ ਸ਼ਰਨ ਮੰਗਣ ਦੇ ਪਿੱਛੇ ਮੁੱਖ ਕਾਰਨ ਪਾਕਿਸਤਾਨ ਵਿੱਚ ਵਿਗੜਦੀ ਆਰਥਿਕ ਸਥਿਤੀ ਅਤੇ PIA ਦੇ ਨਿੱਜੀਕਰਨ ਨੂੰ ਮੰਨਿਆ ਜਾ ਰਿਹਾ ਹੈ। ਸੀਨੀਅਰ ਪੱਤਰਕਾਰ ਜ਼ਾਹਿਦ ਗਿਸ਼ਕੋਰੀ ਅਨੁਸਾਰ, PIA ਕਈ ਸਾਲਾਂ ਤੋਂ ਲਗਾਤਾਰ ਨੁਕਸਾਨ 'ਚ ਹੈ, ਜਿਸ ਕਾਰਨ ਕਰਮਚਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਘੱਟ ਹੋ ਗਈਆਂ ਹਨ। ਪਾਕਿਸਤਾਨ ਸਰਕਾਰ ਨੇ ਏਅਰਲਾਈਨ ਨੂੰ ਨਿੱਜੀ ਹੱਥਾਂ ਵਿੱਚ ਦੇਣ ਦਾ ਫੈਸਲਾ ਕੀਤਾ ਹੈ। ਅਜਿਹੇ ਵਿੱਚ, ਕਰਮਚਾਰੀ ਇੱਕ ਸੁਰੱਖਿਅਤ ਭਵਿੱਖ ਦੀ ਭਾਲ ਵਿੱਚ ਕੈਨੇਡਾ ਵਿੱਚ ਜਾ ਕੇ ਸ਼ਰਨ ਮੰਗਣ ਦਾ ਤਰੀਕਾ ਅਪਣਾ ਰਹੇ ਹਨ। PIA ਦਾ ਦਾਅਵਾ ਹੈ ਕਿ ਕੈਨੇਡਾ ਦੇ ਸ਼ਰਨਾਰਥੀ ਕਾਨੂੰਨਾਂ ਦਾ ਦਾਇਰਾ ਵੱਡਾ ਹੈ, ਜਿਸਦਾ ਫਾਇਦਾ PIA ਦੇ ਕਰਮਚਾਰੀ ਉਠਾ ਰਹੇ ਹਨ। ਇਹੀ ਕਾਰਨ ਹੈ ਕਿ ਕੈਨੇਡਾ PIA ਕਰਮਚਾਰੀਆਂ ਲਈ 'ਲਾਪਤਾ' ਹੋਣ ਲਈ ਸਭ ਤੋਂ ਪਸੰਦੀਦਾ ਦੇਸ਼ ਬਣ ਗਿਆ ਹੈ। ਪਾਕਿਸਤਾਨ ਦੀ ਵਿਗੜਦੀ ਅਰਥਵਿਵਸਥਾ ਦੇ ਚਲਦਿਆਂ, PIA ਦੀ ਵਿਕਰੀ ਨੂੰ ਆਖਰੀ ਵਿਕਲਪ ਵਜੋਂ ਦੇਖਿਆ ਜਾ ਰਿਹਾ ਹੈ, ਅਤੇ ਪਾਕਿਸਤਾਨ ਸਰਕਾਰ ਏਅਰਲਾਈਨ ਦੀ ਨੀਲਾਮੀ ਕਰਨ ਜਾ ਰਹੀ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਇਸ ਪ੍ਰਕਿਰਿਆ ਨੂੰ ਪਾਰਦਰਸ਼ੀ ਕਿਹਾ ਹੈ। ਹਾਲਾਂਕਿ, ਨਿਲਾਮੀ ਵਿੱਚ ਬੋਲੀ ਲਗਾਉਣ ਵਾਲੀਆਂ ਮੁੱਖ ਕੰਪਨੀਆਂ ਵਿੱਚੋਂ ਇੱਕ ਫੌਜੀ ਫਰਟੀਲਾਈਜ਼ਰ ਲਿਮਟਿਡ ਹੈ, ਜੋ ਪਾਕਿਸਤਾਨੀ ਆਰਮੀ ਚੀਫ਼ ਅਸੀਮ ਮੁਨੀਰ ਦੇ ਪੂਰੇ ਕੰਟਰੋਲ ਹੇਠ ਹੈ।

# ਸੱਦਾ ਪੱਤਰ

# 8ਵੀਂ ਬਰਸੀ ਦੀ ਮਿੱਠੀ ਯਾਦ ਮੌਕੇ

## ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ 19 ਦਸੰਬਰ ਨੂੰ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

## ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

# 8ਵੀਂ ਬਰਸੀ ਤੇ ਮਿੱਠੀ ਯਾਦ ਮੌਕੇ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਅਰੰਭ ਸ੍ਰੀ ਅਖੰਡਪਾਠ ਸਾਹਿਬ 19 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਤੇ ਭੋਗ ਸ੍ਰੀ ਅਖੰਡਪਾਠ ਸਾਹਿਬ 21 ਦਸੰਬਰ 2025 ਦਿਨ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਸਿੱਖ ਪ੍ਰਚਾਰਕ ਬਾਬਾ ਬਘੇਲ ਸਿੰਘ ਜੀ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਭਾਈ ਹਰਮੇਲ ਸਿੰਘ ਦਿਲਬਰ ਦਾ ਢਾਡੀ ਜੱਥਾ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਅੱਠਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

### --- ★ ਗੁਰਦੁਆਰਾ ਸਾਹਿਬ ਦਾ ਪਤਾ ★----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

### -- ★ ਸਤਿਗੁਰੂ ਦੇ ਭਾਣੇ ਵਿੱਚ ★--


| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਨਾਮ ਜਪੋ ਕਿਰਤ ਕਰੋ ਵੰਡ ਛਕੋ

Naam Japo Kirat Karo Vand Shako

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ


ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

## SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- ROOT CANALS
- CLEANING
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway Crossing, Maqsudan
Jalandhar-144 008
Contact :
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਜਨਮ ਦਿਵਸ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ

**ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ** ਜੀ ਦਾ ਜਨਮ ਫੱਗਣ ਸੁਦੀ 7 ਸੰਮਤ 1755 ( 1698 ਈ:) ਨੂੰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਜੀਤੋ ਜੀ ਦੇ ਉੱਦਰ ਤੋਂ ਅਨੰਦਪੁਰ ਸਾਹਿਬ ਵਿੱਚ ਹੋਇਆ।ਕਈ ਵਿਦਵਾਨਾਂ ਨੇ ਜਨਮ ਫੱਗਣ ਵਦੀ 11 ਸੰਮਤ 1756 (1699 ਈ:) ਲਿਖਿਆ ਹੈ। ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ 13 ਪੋਹ ਸੰਮਤ 1761 (27 ਦਸੰਬਰ 1704ਈ:) ਨੂੰ ਸੂਬਾ ਵਜ਼ੀਰ ਖਾਂ ਦੇ ਹੁਕਮ ਨਾਲ ਸਰਹੰਦ ਵਿੱਚ ਸ਼ਹੀਦ ਕੀਤੇ ਗਏ।ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦਾ ਸਰੀਰ ਬਾਬਾ ਫੂਲ ਸਿੰਘ ਜੀ ਦੇ ਸਪੁੱਤਰ ਬਾਬਾ ਤਿਲੋਕ ਸਿੰਘ ਤੇ ਬਾਬਾ ਰਾਮ ਸਿੰਘ ਨੇ ਸਸਕਾਰਿਆ, ਜੋ ਉਸ ਵੇਲੇ ਮਾਮਲਾ ਭਰਨ ਸਰਹੰਦ ਗਏ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਸਾਹਿਬਜ਼ਾਦੇ ਦੇ ਜਨਮ ਸਮੇਂ ਵੀ ਖੁਸ਼ੀਆਂ ਮਨਾਈਆਂ ਗਈਆਂ।ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ।ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਇਸ ਸਾਹਿਬਜ਼ਾਦੇ ਦਾ ਨਾਂ ਫ਼ਤਿਹ ਸਿੰਘ ਰੱਖਿਆ ਜਾਵੇ।ਇਹ ਜ਼ੁਲਮਾਂ ਤੇ ਫ਼ਤਿਹ ਹਾਸਿਲ ਕਰੇਗਾ।ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਇੱਕ ਐਸੇ ਸੂਰਬੀਰ ਜੋਧੇ ਸਨ, ਜਿੰਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਕੇ ਰੱਖ ਦਿੱਤੀਆਂ।

ਪ੍ਰੋ.ਜੋਗਿੰਦਰ ਸਿੰਘ ਲਿੱਖਦੇ ਹਨ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਿਰੋਲ ਧਰਮ ਦੀ ਸ਼ਹਾਦਤ ਹੈ। ਸੱਚ, ਪਿਆਰ, ਸੰਤੋਖ, ਤਿਆਗ, ਸਵੈ-ਮਾਣ ਤੇ ਅਜ਼ਾਦੀ ਦਾ ਭਰਪੂਰ ਜਜ਼ਬਾ ਉਨ੍ਹਾਂ ਦੀ ਰਗ-ਰਗ ਵਿੱਚ ਸੀ। ਉਮਰ ਭਾਵੇਂ ਛੋਟੀ ਹੈ, ਪਰ ਹਿਰਦਾ ਪਾਵਨ ਤੇ ਪਵਿੱਤਰ ਹੈ।ਸਰੀਰ ਕੋਮਲ ਹੈ, ਪਰ 'ਵਿਗਾਸ' ਉਨ੍ਹਾਂ ਦੀ ਹਰਕਤ ਵਿੱਚੋਂ ਉਛਾਲੇ ਮਾਰ ਰਿਹਾ ਹੈ।ਸਹਿਜ ਅਵਸਥਾ ਵਿੱਚ ਵਿਚਰ ਰਹੇ ਹਨ।ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋਣ ਦਾ ਮਨ ਵਿੱਚ ਮਾਣ ਹੈ। ਕੋਈ ਮਾਇਆ ਦਾ ਮੋਹ ਨਹੀ, ਕਿਸੇ ਡਰ ਦੀ ਪ੍ਰਵਾਹ ਨਹੀ, ਕੋਈ ਸ਼ੋਭਾ ਤੇ ਸ਼ਕਤੀ ਦੀ ਭੁੱਖ ਨਹੀ, ਕਿਸੇ ਤਰ੍ਹਾਂ ਦਾ ਵੀ ਕੋਈ ਲਾਲਚ ਨਹੀ।

ਪਿਆਰਾ ਸਿੰਘ ਪੱਦਮ ਲਿੱਖਦੇ ਹਨ ਕਿ ਅਸੀਂ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਗੱਲ ਵਿੱਚ ਨਹੀ ਕਰਦੇ ਕਿ ਇੰਨ੍ਹਾਂ ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵਿੱਚ ਹੋਇਆ, ਸਗੋਂ ਇਸ ਵਡਿਆਈ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਵਿੱਚ ਹੋਈ ਸੀ।ਇਹ ਸ਼ੇਰ ਦੇ ਬੱਚੇ ਸਨ ਤੇ ਉਹਨਾਂ ਸ਼ੇਰਾਂ ਵਾਲੇ ਕਾਰਨਾਮੇ ਕੀਤੇ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਹਨਾਂ ਰਿਝਾਇਆ, ਉਹ ਬੇਮਿਸਾਲ ਸੀ।



ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦਾ ਜਨਮ ਕਈ ਵਿਦਵਾਨ 1698 ਤੇ ਕਈ 1699 ਈ: ਦਾ ਲਿੱਖਦੇ ਹਨ। ਇਸ 1699 ਵਿੱਚ ਖਲਾਸਾ ਪੰਥ ਵੀ ਸਾਜਿਆ ਗਿਆ ਸੀ।ਭਾਈ ਕਾਹਨ ਸਿੰਘ ਨਾਭਾ ਲਿੱਖਦੇ ਹਨ ਕਿ 1699 ਦੀ ਵਿਸਾਖੀ ਨੂੰ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ ਅੰਮ੍ਰਿਤ ਪਾਨ ਕਰਨਾ ਸੀ, ਤਦ ਮਾਤਾ ਗੁਜਰੀ ਜੀ ਨੇ ਜ਼ੋਰਾਵਰ ਸਿੰਘ ਨੂੰ ਵੀ ਅੰਮ੍ਰਿਤ ਪਾਨ ਕਰਨ ਲਈ ਤਿਆਰ ਕੀਤਾ। ਇਸ ਪੁਰ ਮਾਤਾ ਸੁੰਦਰੀ ਜੀ ਕਹਿਣ ਲੱਗੇ, "ਇਹ ਅਜੇ ਛੋਟਾ ਹੈ।" ਤਾਂ ਮਾਤਾ ਗੁਜਰੀ ਜੀ ਨੇ ਕਿਹਾ, "ਇਹ ਬੜੀ ਵੱਡੀ ਆਤਮਕ ਅਵਸਥਾ ਦਾ ਸੁਆਮੀ ਹੈ। ਇਹ ਛੋਟਾ ਨਹੀਂ, ਇਹ ਬਾਬਾ ਹੈ।" ਤਦ ਚਾਰ ਸਾਲ ਦੇ ਬਾਬਾ ਜ਼ੋਰਾਵਰ ਸਿੰਘ ਜੀ ਨੇ ਵੀ ਅੰਮ੍ਰਿਤ ਪਾਨ ਕੀਤਾ।

ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੇ ਜਨਮ ਤੋਂ ਤਿੰਨ ਸਾਲ ਬਾਦ ਦਾ ਵਾਕਿਆ ਹੈ ਕਿ ਇੱਕ ਵਾਰ ਸਾਹਿਬਜ਼ਾਦੇ ਖੇਡ ਰਹੇ ਸਨ।ਬਾਬਾ ਫ਼ਤਿਹ ਸਿੰਘ ਜੀ ਵੀ ਨਾਲ ਖੇਡਣ ਆ ਗਏ। ਭਰਾਵਾਂ ਨੇ ਆਖਿਆ ਕਿ, "ਤੁਸੀਂ ਨਹੀਂ ਖੇਡ ਸਕਦੇ, ਤੁਸੀ ਛੋਟੇ ਹੋ!" ਤਦ ਬਾਬਾ ਫ਼ਤਿਹ ਸਿੰਘ ਜੀ ਅੰਦਰ ਚਲੇ ਗਏ। ਆਪਣੇ ਸੀਸ ਉੱਪਰ ਪਹਿਲਾਂ ਇੱਕ ਦੁਮਾਲਾ ਸਜਾਇਆ, ਫਿਰ ਦੂਜਾ, ਫਿਰ ਤੀਜਾ.ਤੇ ਆਪਣਾ ਕੱਦ ਇੰਨ੍ਹਾਂ ਦੁਮਾਲਿਆਂ ਦੇ ਸਦਕੇ ਆਪਣੇ ਵੀਰਾਂ ਤੋਂ ਵੀ ਉੱਚਾ ਕਰ ਲਿਆ। ਫਿਰ ਆ ਕੇ ਕਹਿਣ ਲੱਗੇ, "ਹੁਣ ਤਾਂ ਮੈਂ ਵੱਡਾ ਹੋ ਗਿਆ ਹਾਂ ਨਾ, ਹੁਣ ਤਾਂ ਖੇਡ ਸਕਦਾ ਹਾਂ ?" ਗੁਰੂ ਗੋਬਿੰਦ ਸਿੰਘ ਜੀ ਜੋ ਸਭ ਕੁੱਝ ਵੇਖ ਰਹੇ ਸਨ, ਬੜੇ ਪ੍ਰਭਾਵਿਤ ਹੋਏ।ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਨੂੰ ਆਪਣੀ ਗੋਦ ਵਿੱਚ ਲਿਆ ਤੇ ਭਰੀ ਸੰਗਤ ਵਿੱਚ ਐਲਾਨ ਕੀਤਾ, "ਬਾਬਾ ਫ਼ਤਿਹ ਸਿੰਘ ਦੀ ਤਾਬਿਆ, ਇਸ ਬਾਣੇ ਵਾਲਾ ਨਿਹੰਗ ਸਿੰਘਾਂ ਦਾ ਪੰਥ ਕਰਦਾ ਹਾਂ। ਇਹ ਅਕਾਲੀ ਜਥਾ ਹੋਵੇਗਾ, ਜੋ ਕਿਸੇ ਅੱਗੇ ਨਹੀ ਝੁਕੇਗਾ।" ਫਿਰ ਸੰਗਤ ਵਿਚੋਂ ਪੰਜਾਂ ਸਿੰਘਾਂ ਭਾਈ ਉਦੈ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ, ਭਾਈ ਦੇਵਾ ਸਿੰਘ ਤੇ ਭਾਈ ਸੁਲੱਖਣ ਸਿੰਘ ਨੂੰ ਨਵੇਂ ਨੀਲੇ ਬਾਣਿਆਂ ਵਿੱਚ ਸਜਾ ਕੇ ਬਾਬਾ ਫ਼ਤਿਹ ਸਿੰਘ ਦਾ ਨਿਹੰਗ ਜਥਾ ਕਾਇਮ ਕੀਤਾ ਇਹ ਜਥਾ ਸੰਨ 1704 ਵਿੱਚ ਸਥਾਪਤ ਹੋਇਆ।

ਖਾਲਸਾ ਸਾਜਣ ਉਪਰੰਤ 11 ਦੇ ਕਰੀਬ ਜੰਗਾਂ ਗੁਰੂ ਜੀ ਨੂੰ ਲੜਨੀਆਂ ਪਈਆਂ। ਛੇ ਦਾ ਮੈਦਾਨ ਤਾਂ ਅਨੰਦਪੁਰ ਹੀ ਰਿਹਾ। ਬਾਕੀ ਪੰਜਾਂ ਵਿੱਚ ਨਿਰਮੋਹਗੜ੍ਹ, ਬਸਾਲੀ, ਸਰਸਾ, ਚਮਕੌਰ ਅਤੇ ਖਿਦਰਾਣੇ ਦੀ ਢਾਬ(ਮੁਕਤਸਰ) ਮੈਦਾਨ ਬਣੇ। ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ 13 ਦਸੰਬਰ 1704 ਨੂੰ ਸ਼ਾਮ ਸਮੇਂ ਜਦ ਅਨੰਦਪੁਰ ਛੱਡਿਆ ਤਾਂ ਉਸ ਸਮੇਂ ਗੁਰੂ ਜੀ , ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ ਤੇ ਕੁੱਝ ਸਿੰਘ ਪਹਿਲਾਂ ਤੇ ਕੁੱਝ ਸਿੰਘ ਜਦ ਬਾਦ ਵਿੱਚ ਨਾਲ ਨਿਕਲੇ ਤਾਂ ਵੈਰੀ ਨੇ ਧੋਖਾ ਕਰਕੇ ਸਰਸਾ ਕਿਨਾਰੇ ਜੰਗ ਸ਼ੁਰੂ ਕਰ ਦਿੱਤਾ। ਇਸ ਸਰਸਾ ਕਿਨਾਰੇ ਗੁਰੂ ਜੀ ਦਾ ਪ੍ਰੀਵਾਰ ਤਿੰਨ ਹਿੱਸਿਆਂ ਵਿੱਚ ਵੰਡਿਆਂ ਗਿਆ।ਵੱਡੇ ਸਾਹਿਬਜ਼ਾਦੇ ਤੇ ਕੁੱਝ ਸਿੰਘ ਗੁਰੂ ਜੀ ਨੇ ਨਾਲ ਰੱਖੇ। ਮਾਤਾ ਸੁੰਦਰੀ ਜੀ , ਮਾਤਾ ਸਾਹਿਬ ਦੇਵਾਂ ਜੀ, ਭਾਈ ਮਨੀ ਸਿੰਘ ਜੀ ਨਾਲ ਹਰਿਦੁਆਰ ਚਲੇ ਗਏ ਤੇ ਉੱਥੋਂ ਦਿੱਲੀ ਚਲੇ ਗਏ।ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਹਮਣ ਜੋ ਗੁਰੂ ਘਰ ਦਾ ਰਸੋਈਆ ਸੀ ਆਪਣੇ ਨਾਲ ਆਪਣੇ ਪਿੰਡ ਲੈ ਗਿਆ।ਇਸ ਸਰਸਾ ਕਿਨਾਰੇ ਗੁਰੂ ਜੀ ਦਾ ਸਾਰਾ ਪ੍ਰੀਵਾਰ ਵਿੱਛੜ ਗਿਆ। ਇੱਕ ਮਹਾਨ ਗ੍ਰੰਥ ' ਵਿੱਦਿਆ-ਸਰ' ਜਿਸ ਦਾ ਅਕਾਰ ਤੇ ਵਜ਼ਨ ਹੀ ਕੇਵਲ 9 ਮਣ ਸੀ, ਸਰਸਾ ਦੀ ਭੇਟ ਹੋ ਗਿਆ।ਬਹੁਤ ਸਾਹਿਤ ਰੁੜ ਗਿਆ।ਗੰਗੂ ਬ੍ਰਹਮਣ ਨੇ ਲਾਲਾਚ ਵੱਸ ਹੋ ਕੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਕੈਦ ਕਰਵਾ ਦਿੱਤਾ। ਜਿਸ ਧੰਨ ਲਈ ਗੰਗੂ ਨੇ ਪਾਪ ਕਮਾਇਆ ਉਸੇ ਧੰਨ ਕਰਕੇ ਉਸਦੀ ਜਾਨ ਗਈ। ਸਾਹਿਬਜ਼ਾਦਿਆਂ ਨੇ ਸੂਬਾ ਸਰਹੰਦ ਦੀ ਈਨ ਨਹੀ ਮੰਨੀ।ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ਼ ਵਿੱਚ ਕੈਦ ਕੀਤਾ ਗਿਆ।ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ।ਕਿਸੇ ਕਵੀ ਨੇ ਬੜਾ ਸੁੰਦਰ ਲਿਖਿਆ ਹੈ:

**ਦੋ ਨੇ ਧਰਤੀ ਚਮਕੌਰ ਦੀ ਰੰਗ ਦਿੱਤੀ,**
**ਦੋ ਸਰਹੰਦ ਦੀ ਧਰਤੀ ਸ਼ਿੰਗਾਰ ਗਏ।**

26 ਦਸੰਬਰ 1704 ਨੂੰ ਸਾਹਿਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ,ਜਦ ਕੰਧਾਂ ਛਾਤੀ ਤੱਕ ਆਈਆਂ ਤਾਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਬੇਹੋਸ਼ ਹੋ ਗਏ। ਰਾਤ ਨੂੰ ਜੜ੍ਹੀ ਬੂਟੀਆਂ ਦੇ ਕੇ ਹੋਸ਼ ਵਿੱਚ ਲਿਆਂਦਾ ਗਿਆ ਤੇ ਅਗਲੀ ਸਵੇਰ 27 ਦਸੰਬਰ 1704 ਨੂੰ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਮਾਸੂਮ ਜਿੰਦਾਂ ਦੀ ਛਾਤੀ ਤੇ ਗੋਡਾ ਰੱਖ ਕੇ ਛੁਰੀ ਨਾਲ ਕੋਹ ਕੇ ਸ਼ਹੀਦ ਕੀਤਾ। ਸਾਰੇ ਹਾਹਾਕਾਰ ਮੱਚ ਗਈ।ਜਦ ਨੂਰੇ ਮਾਹੀ ਨੇ ਪਿੰਡ ਰਾਏ ਕੋਟ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਦੱਸਿਆ ਤਾਂ ਸਾਹਿਬ ਜੀ ਨੇ ਤੀਰ ਦੀ ਨੋਕ ਨਾਲ ਕਾਈ(ਦੱਬ)ਦੇ ਬੂਟੇ ਦੀ ਜੜ੍ਹ ਨੂੰ ਪੁੱਟ ਕੇ ਫੁਰਮਾਇਆ ਕਿ ਜੋ ਹਕੂਮਤ ਬੱਚਿਆਂ ਕੋਲੋ ਡਰਨ ਲੱਗ ਜਾਏ। ਉਹ ਰਾਜ ਖਤਮ ਸਮਝੋ।ਇਸ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਤੇ ਅੰਤ ਨੂੰ ਮੁਗਲ ਸਾਮਰਾਜ ਦਾ ਖਾਤਮਾ ਹੋ ਗਿਆ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ:ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ**




### ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਦੇ 27 ਦਸੰਬਰ ਨੂੰ ਮਨਾਏ ਜਾ ਰਹੇ

# ਪ੍ਰਕਾਸ਼ ਪੁਰਬ ਵਿਚ ਹਾਜ਼ਰੀ ਭਰਨ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਦਿੱਤਾ ਸੱਦਾ



**ਨਵੀਂ ਦਿੱਲੀ, 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਤਖਤ ਪਟਨਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਸਮ ਪਿਤਾ ਗੁਰ ਗੌਬਿੰਦ ਸਿੰਘ ਜੀ ਦਾ ਪ੍ਰਕਸ਼ ਦਿਹਾੜਾ ਪੁਰਾਤਨ ਮਰਯਾਦਾ ਅਨੁਸਾਰ ਪੋਹ ਸੁਦੀ ਸਤਵੀਂ ਭਾਵ 27 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਦੀਆ ਤਿਆਰੀਆ ਪੂਰੇ ਜੋਰਾਂ ਤੇ ਚਲ ਰਹੀਆਂ ਹਨ। ਇਸੇ ਦੇ ਚਲਦੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਅਤੇ ਉਪ-ਪ੍ਰਧਾਨ ਸਰਦਾਰ ਗੁਰਵਿੰਦਰ ਸਿੰਘ ਨੇ ਬਿਹਾਰ ਦੇ ਮੁੱਖ ਮੰਤਰੀ ਸੇਵਾਪੁਰਸ਼ ਸ੍ਰੀ ਨੀਤੀਸ਼ ਕੁਮਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪ੍ਰਕਾਸ਼ ਪੁਰਬ ਵਿੱਚ ਸ਼ਾਮਲ ਹੋਣ ਲਈ ਆਧਿਕਾਰਿਕ ਤੌਰ ਤੇ ਸੱਦਾ ਦਿੱਤਾ। ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਗਏ ਸੱਦਾ ਪਤਰ ਨੂੰ ਮੁੱਖ ਮੰਤਰੀ ਨੇ ਖੁਸ਼ੀ-ਖੁਸ਼ੀ ਸਵੀਕਾਰ ਕਰਦਿਆਂ ਭਰੋਸਾ ਦਿੱਤਾ ਕਿ ਉਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਆਯੋਜਿਤ ਹੋਣ ਵਾਲੇ 359ਵੇਂ ਪ੍ਰਕਾਸ਼ ਉਤਸਵ ਦੌਰਾਨ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਹਾਜ਼ਰੀ ਭਰਨਗੇ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਆਪਣੇ ਆਵਾਸ 'ਤੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ 25 ਦਸੰਬਰ ਤੋਂ ਸ਼ੁਰੂ ਹੋਣ ਵਾਲੇ ਪ੍ਰਕਾਸ਼ ਪੁਰਬ ਲਈ ਸਾਰੀਆਂ ਪ੍ਰਸ਼ਾਸਨਿਕ ਤਿਆਰੀਆਂ ਦੀ ਗਹਿਰਾਈ ਨਾਲ ਸਮੀਖਿਆ ਕੀਤੀ ਜਾਵੇ ਅਤੇ ਸ਼ਰਧਾਲੂਆਂ ਦੀ ਸੁਵਿਧਾ ਲਈ ਸਰਵੋਤਮ ਪ੍ਰਬੰਧ ਯਕੀਨੀ ਬਣਾਏ ਜਾਣ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਉਪ-ਪ੍ਰਧਾਨ ਸਰਦਾਰ ਗੁਰਵਿੰਦਰ ਸਿੰਘ ਅਤੇ ਸਮਾਜਿਕ ਕਾਰਕੁਨ ਮਾਲਵਿੰਦਰ ਸਿੰਘ ਨੂੰ ਅੰਗਵਸਤ੍ਰ ਪਹਿਨਾ ਕੇ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਵੱਲੋਂ ਨਿਮੰਤਰਣ ਸਵੀਕਾਰ ਕਰਨ ਅਤੇ ਪ੍ਰਸ਼ਾਸਨਿਕ ਸਹਿਯੋਗ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਾਲ ਦਾ ਪ੍ਰਕਾਸ਼ ਉਤਸਵ ਸ਼ਰਧਾ, ਅਨੁਸ਼ਾਸਨ ਅਤੇ ਸੇਵਾ ਭਾਵਨਾ ਦਾ ਅਦਭੁਤ ਸੰਗਮ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

**25 ਦਸੰਬਰ ਤੋਂ ਸ਼ੁਰੂ ਹੋਣ ਵਾਲੇ ਪ੍ਰਕਾਸ਼ ਪੁਰਬ ਲਈ ਪ੍ਰਸ਼ਾਸਨਿਕ ਤਿਆਰੀਆਂ ਦੀ ਸਮੀਖਿਆ ਅਤੇ ਸ਼ਰਧਾਲੂਆਂ ਦੀ ਸੁਵਿਧਾ ਲਈ ਸਰਵੋਤਮ ਪ੍ਰਬੰਧ ਦੇ ਆਦੇਸ਼**

### ਸ਼ਿਲਾਂਗ ਦੇ ਸਿੱਖਾਂ ਵਾਸਤੇ ਨਿਆਂ ਲੈਣ ਵਾਸਤੇ ਲੋੜ ਪੈਣ 'ਤੇ

# ਸੁਪਰੀਮ ਕੋਰਟ ਵੀ ਜਾਵਾਂਗੇ: ਦਿੱਲੀ ਗੁਰਦੁਆਰਾ ਕਮੇਟੀ

**ਨਵੀਂ ਦਿੱਲੀ, 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਹੈ ਕਿ ਸ਼ਿਲਾਂਗ ਦੇ ਸਿੱਖਾਂ ਦੀ ਲੜਾਈ ਵਿਚ ਦਿੱਲੀ ਗੁਰਦੁਆਰਾ ਕਮੇਟੀ ਡੱਟ ਕੇ ਉਹਨਾਂ ਦੇ ਨਾਲ ਖੜ੍ਹੀ ਹੈ ਤੇ ਮੇਘਾਲਿਆ ਹਾਈ ਕੋਰਟ ਵਿਚ ਚਲ ਰਹੇ ਕੇਸ ਵਿਚ ਜੇਕਰ ਇਨਸਾਫ ਨਾ ਮਿਲਿਆ ਤਾਂ ਉਹ ਸੁਪਰੀਮ ਕੋਰਟ ਤੱਕ ਵੀ ਪਹੁੰਚ ਕਰੇਗੀ। ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਿਲਾਂਗ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਹੋਏ ਵਿਸ਼ਾਲ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਆਪਣੇ ਅਤੇ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਵੱਲੋਂ ਕਿਹਾ ਕਿ ਉਹ ਇਸ ਗੱਲ ਤੋਂ ਬਹੁਤ ਖੁਸ਼ ਹਨ ਕਿ ਸ਼ਿਲਾਂਗ ਵਿਚ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਤੇ ਸਾਡੇ ਨੌਜਵਾਨਾਂ ਨੇ ਖੰਡੇ ਬਾਟੇ ਦਾ ਪਾਹੁਲ ਛੱਕ ਦਸਤਾਰਾਂ ਸਜਾ ਲਈਆਂ ਹਨ। ਉਹਨਾਂ ਕਿਹਾ ਕਿ ਅੱਜ ਸਿਰਫ ਸਾਡੇ ਦੇਸ਼ ਹੀ ਨਹੀਂ ਬਲਕਿ ਦੇਸ਼ ਵਿਦੇਸ਼ ਤੋਂ ਸਿੱਖ ਭਾਈਚਾਰੇ ਦੇ ਮੈਂਬਰ ਸ਼ਿਲਾਂਗੇ ਦੇ ਸਿੱਖ ਭਾਈਚਾਰੇ ਦੇ ਨਾਲ ਹਨ। ਉਹਨਾਂ ਕਿਹਾ ਕਿ ਅਸੀਂ ਸ਼ਿਲਾਂਗੇ ਦੇ ਸਿੱਖ ਭਾਈਚਾਰੇ ਦੇ ਕੇਸ ਦੀ ਪੈਰਵੀ ਜਿਥੇ ਅਦਾਲਤਾਂ ਵਿਚ ਕਰ ਰਹੇ ਹਾਂ, ਉਥੇ ਹੀ ਸਰਕਾਰਾਂ ਕੋਲ ਵੀ ਮੁੱਦਾ ਚੁੱਕ ਰਹੇ ਹਾਂ।



ਉਹਨਾਂ ਕਿਹਾ ਕਿ ਅਸੀਂ ਮੇਘਾਲਿਆ ਹਾਈ ਕੋਰਟ ਵਿਚ ਕੇਸ ਲੜ ਰਹੇ ਹਾਂ ਅਤੇ ਲੋੜ ਪੈਣ 'ਤੇ ਸੁਪਰੀਮ ਕੋਰਟ ਤੱਕ ਵੀ ਪਹੁੰਚ ਕਰਾਂਗੇ। ਉਹਨਾਂ ਕਿਹਾ ਕਿ ਉਹਨਾਂ ਨੂੰ ਇਹ ਵੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਦੇਸ਼ ਤੇ ਉੱਤਰ ਪੂਰਬੀ ਹਿੱਸੇ ਵਿਚ ਸਿੱਖੀ ਦਾ ਇਸ ਤਰੀਕੇ ਪ੍ਰਚਾਰ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਥੇ ਵੱਸਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਇਥੇ ਹੀ ਆਪੋ ਆਪਣੇ ਕਾਰੋਬਾਰਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਇਥੇ ਹੀ ਟਿਕੇ ਰਹਿਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਇਸ ਹਿੱਸੇ ਵਿਚ ਨਗਰ ਕੀਰਤਨ ਸਜਾਏ ਜਾਣਾ ਬਹੁਤ ਵੱਡੀ ਪ੍ਰਾਪਤੀ ਹੈ ਜਿਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਉਹਨਾਂ ਕਿਹਾ ਕਿ ਇਥੇ ਸਿੱਖ ਭਾਈਚਾਰੇ ਦੇ ਮੈਂਬਰ ਕਿਸੇ ਵੀ ਤਰੀਕੇ ਦੀ ਚਿੰਤਾ ਨਾ ਕਰਨ ਅਸੀਂ ਸਾਰੇ ਖਾਸ ਤੌਰ 'ਤੇ ਦਿੱਲੀ ਗੁਰਦੁਆਰਾ ਕਮੇਟੀ ਉਹਨਾਂ ਨਾਲ ਡੱਟ ਕੇ ਖੜ੍ਹੀ ਹੈ। ਇਸ ਮੌਕੇ ਉਹਨਾਂ ਨੇ ਭਾਈ ਰਵਿੰਦਰ ਸਿੰਘ, ਭੁਪਿੰਦਰ ਸਿੰਘ ਕਿੱਕੀ, ਗੁਰਜੀਤ ਸਿੰਘ ਮੁੱਖ ਸੇਵਾਦਾਰ, ਸਤਨਾਮ ਸਿੰਘ ਜਨਰਲ ਸਕੱਤਰ, ਸੰਗਮ ਸਿੰਘ ਤੇ ਸਮੁੱਚੀ ਟੀਮ ਦਾ ਵੀ ਧੰਨਵਾਦ ਕੀਤਾ ਜੋ ਇਸ ਇਲਾਕੇ ਵਿਚ ਸਿੱਖੀ ਦੀ ਸੇਵਾ ਕਰ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਇਹ ਵੇਖ ਕੇ ਵੀ ਮਨ ਨੂੰ ਬਹੁਤ ਖੁਸ਼ੀ ਤੇ ਸੰਤੁਸ਼ਟੀ ਹੋ ਰਹੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਹੋ ਰਹੇ ਸਮਾਗਮ ਵਿਚ ਇੰਨੀ ਵੱਡੀ ਗਿਣਤੀ ਵਿਚ ਸਿੱਖ ਕੌਮ ਦੇ ਮੈਂਬਰ ਸ਼ਮੂਲੀਅਤ ਕਰ ਰਹੇ ਹਨ। ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗਜ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਮੇਘਾਲਿਆ ਦੀ ਰਾਜਧਾਨੀ 'ਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਵਿਸ਼ਾਲ ਸਮਾਗਮ**

# ਲੋਕ ਅਦਾਲਤ ਵਿੱਚ ਡਾ: ਨੀਰੂ ਅਰੋੜਾ ਨੂੰ ਸਮਾਜਿਕ ਮੈਂਬਰ ਨਿਯੁਕਤ ਕੀਤਾ



**ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ)** :— ਅੱਜ ਫ਼ਿਰੋਜ਼ਪੁਰ ਵਿੱਚ ਆਯੋਜਿਤ ਲੋਕ ਅਦਾਲਤ ਦੌਰਾਨ ਸਿੱਖਿਆਵਿਦ ਅਤੇ ਸਮਾਜ ਸੇਵਿਕਾ ਡਾ: ਨੀਰੂ ਅਰੋੜਾ ਨੂੰ ਲੋਕ ਅਦਾਲਤ ਦਾ ਸਮਾਜਿਕ ਮੈਂਬਰ ਨਿਯੁਕਤ ਕੀਤਾ ਗਿਆ। ਲੋਕ ਅਦਾਲਤ ਦੀ ਕਾਰਵਾਈ ਦੌਰਾਨ ਡਾ: ਨੀਰੂ ਅਰੋੜਾ ਨੇ ਵਾਧੂ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਿਰੋਜ਼ਪੁਰ ਸ਼੍ਰੀ ਨਵਲ ਕਿਸ਼ੋਰ ਦੇ ਨਾਲ ਮਿਲ ਕੇ ਮਾਮਲਿਆਂ ਦੀ ਸੁਣਵਾਈ ਵਿੱਚ ਭਾਗ ਲਿਆ। ਸਮਾਜਿਕ ਖੇਤਰ ਵਿੱਚ ਲੰਮੇ ਸਮੇਂ ਤੋਂ ਸਰਗਰਮ ਰਹੀ ਡਾ: ਨੀਰੂ ਅਰੋੜਾ ਦੀ ਇਹ ਨਿਯੁਕਤੀ ਲੋਕ ਅਦਾਲਤ ਦੀ ਕਾਰਗੁਜ਼ਾਰੀ ਨੂੰ ਹੋਰ ਮਜ਼ਬੂਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ। ਇਸ ਮੌਕੇ ਲੋਕ ਅਦਾਲਤ ਦੇ ਮਾਧਿਅਮ ਰਾਹੀਂ ਆਪਸੀ ਸਹਿਮਤੀ ਨਾਲ ਮਾਮਲਿਆਂ ਦੇ ਤੇਜ਼ ਨਿਪਟਾਰੇ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਡਾ: ਨੀਰੂ ਅਰੋੜਾ ਨੇ ਕਿਹਾ ਕਿ ਲੋਕ ਅਦਾਲਤ ਆਮ ਲੋਕਾਂ ਨੂੰ ਸੌਖਾ, ਸੁਲਭ ਤੇ ਤੁਰੰਤ ਨਿਆਂ ਪ੍ਰਦਾਨ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ ਅਤੇ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਨੂੰ ਜੁੜਿਆ ਰਹਿਣ ਦਿਉ—ਸਰਬਜੀਤ ਸਿੰਘ ਜੱਬਲ

**ਫ਼ਿਰੋਜ਼ਪੁਰ, 14 ਦਸੰਬਰ (ਮਨੋਹਰ ਲਾਲ)** :—ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ 140 ਪੰਜਾਬ ਪੰਜਾਬ ਵਿੱਚ ਮੋਹਰੀ ਰੋਲ ਨਿਭਾਉਣ ਲਈ ਪਹਿਚਾਣੀ ਜਾਣ ਵਾਲੀ ਜਥੇਬੰਦੀ ਵਿਚ ਕੁੱਝ ਲੋਕਾਂ ਨੇ ਆਪਣੀ ਮਨ ਮਾਨੀਆ ਕਰਕੇ ਪੂਰੀ ਜਥੇਬੰਦੀ ਨੂੰ ਬੈਕ ਫੁੱਟ ਤੇ ਲਿਆ ਕੇ ਖੜਾ ਕਰ ਦਿੱਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਰਬਜੀਤ ਸਿੰਘ ਜੱਬਲ ਪੰਜਾਬ ਪ੍ਰਧਾਨ ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਨੇ ਦੱਸਿਆ ਕਿ ਇਹ ਰਾਮਗੜ੍ਹੀਆ ਜਥੇਬੰਦੀ ਕੁੱਝ ਸਾਲ ਪਹਿਲਾਂ ਭਾਈਚਾਰੇ ਨੂੰ ਇਕੱਠਿਆਂ ਕਰਨ ਲਈ ਇੱਕ ਮੰਚ ਤਿਆਰ ਕੀਤਾ ਗਿਆ ਸੀ ਨਾ ਕਿ ਭਾਈਚਾਰੇ ਨੂੰ ਖੇਰੂੰ—ਖੇਰੂੰ ਕਰਨ ਲਈ। ਉਨ੍ਹਾਂ ਕਿਹਾ ਕਿ ਭਗਵਾਨ ਸਿੰਘ ਦੜਿਆਲਾ ਆਪਣੀਆ ਕੋਝੀਆਂ ਹਰਕਤਾਂ ਤੋਂ ਬਾਜ ਆਏ ਚੱਲ ਰਹੇ ਢਾਂਚੇ ਨੂੰ ਅਤੇ ਆਪਸੀ ਸਾਰੇ ਭਾਈਚਾਰੇ ਦੀਆਂ ਦੁਸ਼ਮਣੀਆਂ ਨਾ ਵਧਾਏ ਜਦੋਂ ਜੀ ਕਰਦਾ ਕਦੇ ਕਿਸੇ ਦੇ ਗਲ ਕਦੇ ਕਿਸੇ ਦੇ ਗਲ ਸਰੋਪਾ ਪਾ ਕੇ ਆਵਦੀ ਮਰਜ਼ੀ ਨਾਲ ਬੰਦਿਆਂ ਨੂੰ ਵਰਤੀ ਜਾਂਦਾ ਹੈ, ਜਿਸ ਨਾਲ ਭਾਈਚਾਰੇ ਵਿੱਚ ਬਹੁਤ ਦਿਰਾਰਾ ਵੱਧ ਰਹੀਆਂ ਹਨ। ਗੱਲਬਾਤ ਕਰਦਿਆਂ ਸਰਬਜੀਤ ਸਿੰਘ ਜੱਬਲ ਨੇ ਕਿਹਾ ਕਿ ਤਕਰੀਬਨ ਦੋ ਮਹੀਨੇ ਪਹਿਲਾਂ ਸੁਖਚੈਨ ਸਿੰਘ ਖਾਲਸਾ ਦੇ ਐਕਸੀਡੈਂਟ ਕਰਕੇ ਸੱਟਾਂ ਲੱਗੀਆਂ ਸਨ, ਸਾਨੂੰ ਭਗਵਾਨ ਸਿੰਘ ਦੜਿਆਲਾ ਕਹਿੰਦਾ ਆਪਾਂ ਖਾਲਸੇ ਦਾ ਪਤਾ ਲੈਣ ਜਾਣਾ ਉਥੇ ਇਸ ਨੇ ਪਹਿਲਾਂ ਹੀ ਵਿਉਂਤਬੰਦੀ ਬਣਾਈ ਸੀ, ਸੁਖਮਿੰਦਰ ਸਿੰਘ ਲਾਡੂ ਦੇ ਸਰੋਪਾ ਪਾ ਕੇ ਕਹਿੰਦਾ ਇਹ ਆਪਣਾ ਪ੍ਰਧਾਨ ਸਵੇਰ ਹੁੰਦਿਆਂ ਕਹਿੰਦਾ ਨਹੀਂ ਉਸਨੂੰ ਪ੍ਰਧਾਨਗੀ ਤੋਂ ਲਾ ਦਿੱਤਾ ਅਸੀਂ ਤੈਨੂੰ ਬਣਾਉਣਾ ਮੈਂ ਜਵਾਬ ਦਿੰਦਿਆਂ ਕਿਹਾ ਚੈਅਰਮੈਨ ਸਾਹਬ ਜਿੰਨੂ ਰਾਤ 10 ਵਜੇ ਬਣਾਇਆ ਉਹ ਬਹੁਤ ਵਧੀਆ ਇਨਸਾਨ ਨੇ ਉਨਾਂ ਦੀ ਭਾਈਚਾਰੇ ਵਿੱਚ ਕੀ ਇਜਤ ਰਹੂੰਗੀ ਜਿੰਨੂ ਕੁੱਝ ਘੰਟਿਆਂ ਵਿੱਚ ਆਹੁਦੇ ਤੋਂ ਉਤਾਰ ਦਿੱਤਾ ਸਾਰਾ ਦਿਨ ਭਗਵਾਨ ਸਿੰਘ ਦੜਿਆਲਾ ਨੇ ਕਦੇ ਕਿਸੇ ਤੋਂ ਫੋਨ ਕਰਵਾ ਕਦੇ ਕਿਸੇ ਤੋਂ ਮੈਂ ਨਹੀਂ ਮੰਨਿਆ ਲਾਡੂ ਮੇਰਾ ਵੱਡਾ ਭਰਾ ਮੈਂ ਨਹੀਂ ਬਣਨਾ ਅਖੀਰ ਚੈਅਰਮੈਨ ਨੇ ਰਾਤ ਨੂੰ ਮੈਂਬਰ ਇਕੱਠੇ ਕਰਕੇ ਮੇਰੇ ਨਿਵਾਸ ਤੇ ਆਗਿਆ ਕਹਿੰਦੇ ਅਸੀਂ ਤੈਨੂੰ ਬਣਾਉਣਾ ਹੀ ਬਣਾਉਣ ਫਿਰ ਸ਼ਮਸ਼ੇਰ ਸਿੰਘ ਕਲਸੀ ਨੇ ਕਿਹਾ ਆਪਾਂ ਤਾਂ ਬਣਾਈਏ ਜੇ ਘੱਟੋ ਘੱਟ ਇੱਕ ਸਾਲ ਵਾਸਤੇ ਬਣਾਉਣਾ ਚੈਅਰਮੈਨ ਭਗਵਾਨ ਸਿੰਘ ਦੜਿਆਲਾ ਕਹਿੰਦਾ ਠੀਕ ਮੈ ਸਾਰਿਆਂ ਦੀ ਮੈਂਬਰਾਂ ਘਰ ਆਇਆ ਦੀ ਗੱਲ ਮੰਨੀ ਇਨ੍ਹਾਂ ਮੈਨੂੰ ਸਰੋਪਾ ਪਾ ਕੇ ਪ੍ਰਧਾਨ ਥਾਪ ਦਿੱਤਾ ਸਭ ਠੀਕ ਚੱਲ ਰਿਹਾ ਸੀ, ਦੋ ਮਹੀਨਿਆਂ ਬਾਅਦ ਗੁਰਦੁਆਰਾ ਸਰਬ ਨਿਵਾਸ ਬਗ਼ਦਾਦੀ ਗੇਟ ਵਿਖੇ ਸੁਸਾਇਟੀ ਦੀ ਮੀਟਿੰਗ ਬੁਲਾਈ ਜਿਸ ਵਿਚ ਮੈਂ ਬਹੁਤ ਉਤਸ਼ਾਹ ਨਾਲ ਆਪਣੇ ਰਿਸ਼ਤੇਦਾਰਾਂ ਅਤੇ ਸੰਘੀ ਸਾਥੀਆ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਕਿਹਾ ਸਾਰੇ ਆਏ ਉਥੇ ਭਗਵਾਨ ਸਿੰਘ ਦੜਿਆਲਾ ਨੇ ਫਿਰ ਆਪਣੀ ਮਰਜ਼ੀ ਅਨੁਸਾਰ ਆਵਦੇ ਭਤੀਜੇ ਹਰਭਜਨ ਸਿੰਘ ਦੜਿਆਲਾ ਦੇ ਗਲ ਸਰੋਪਾ ਪਾ ਕੇ ਕਹਿੰਦਾ ਹੁਣ ਇਹ ਪ੍ਰਧਾਨ ਮੈਨੂੰ ਸਮਝ ਨਹੀਂ ਆ ਰਹੀ ਇਕ ਸੁਸਾਇਟੀ ਪ੍ਰਧਾਨ ਕਿੰਨੇ ਬਣਾਉਣੇ ਵਾਰੀ—ਵਾਰੀ ਪ੍ਰਧਾਨ ਬਣਾਉਣ ਪਿੱਛੇ ਮੈਨੂੰ ਮਨਸ਼ਾ ਕੋਈ ਹੋਰ ਲੱਗਦੀ।



ਅੱਗੇ ਬੋਲਦਿਆਂ ਸਰਬਜੀਤ ਸਿੰਘ ਸੁਸਾਇਟੀ ਪ੍ਰਧਾਨ ਨੇ ਕਿਹਾ ਅਸੀਂ ਹਰ ਸਾਲ ਵੱਡੇ ਪੱਧਰ ਤੇ ਪ੍ਰੋਗਰਾਮ ਕਰਵਾਉਂਦੇ ਸੀ ਸਾਡੇ ਕੁੱਝ ਕੁ ਵੱਡੇ ਆਗੂ ਸਾਡੇ ਤੋਂ ਪੂਰੇ ਪੈਸੇ ਲੈਂਦੇ ਆਪ ਇਕ ਰੁਪਏ ਨਹੀਂ ਪਾਉਂਦੇ ਪ੍ਰੋਗਰਾਮ ਤੋਂ ਬਾਅਦ ਕੋਈ ਹਿਸਾਬ ਕਿਤਾਬ ਨਹੀਂ ਪੈਸੇ ਕਿੰਨੇ ਵਧੇ ਕਿੱਥੇ ਪਏ ਵਾਰੀ—ਵਾਰੀ ਪ੍ਰਧਾਨ ਬਦਲ ਕੇ ਭਗਵਾਨ ਸਿੰਘ ਦੜਿਆਲਾ ਆਪਸੀ ਲੋਕਾਂ ਦੁਸ਼ਮਣੀਆਂ ਪਵਾਕੇ ਆਪ ਤਮਾਸ਼ਾ ਵੇਖ ਰਿਹਾ। ਇਸ ਮੌਕੇ ਸ਼ਮਸ਼ੇਰ ਸਿੰਘ ਕਲਸੀ ਮੀਤ ਪ੍ਰਧਾਨ ਪੰਜਾਬ ਅਮਨਪ੍ਰੀਤ ਸਿੰਘ ਰਿੰਕੂ ਸੀਨੀਅਰ ਆਗੂ ਪੰਜਾਬ ਅਨੋਖ ਸਿੰਘ ਬਗ਼ਦਾਦੀ ਗੇਟ, ਬਲਦੇਵ ਸਿੰਘ ਜੱਬਲ, ਸੁਖਦੇਵ ਸਿੰਘ ਬੱਬੂ, ਅਮਨਦੀਪ ਸਿੰਘ ਜੱਬਲ, ਬਲਵਿੰਦਰ ਸਿੰਘ, ਪ੍ਰਦੀਪ ਸਿੰਘ ਭੁੱਲਰ, ਆਸਾ ਸਿੰਘ ਚੈਅਰਮੈਨ, ਸੁਖਵਿੰਦਰ ਸਿੰਘ, ਗੁਰਸ਼ਰਨ ਸਿੰਘ ਬਗ਼ਦਾਦੀ ਗੇਟ, ਤਰਲੋਕ ਸਿੰਘ ਬਗ਼ਦਾਦੀ ਗੇਟ, ਜਗਦੀਪ ਸਿੰਘ, ਹਰਜੀਤ ਸਿੰਘ ਜੱਬਲ, ਸਤਨਾਮ ਸਿੰਘ, ਅੰਗਰੇਜ਼ ਸਿੰਘ ਵਾਇਸ ਚੇਅਰਮੈਨ ਪੰਜਾਬ ਹਾਜ਼ਰ ਸਨ। ਇਸ ਸਬੰਧੀ ਭਗਵਾਨ ਸਿੰਘ ਦੜਿਆਲਾ ਨਾਲ ਸੰਪਰਕ ਕਰਨ ਤੇ ਉਨਾਂ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਦੱਸਿਆ ਕਿ ਮੀਟਿੰਗ ਵਿੱਚ ਸਾਰੇ ਰਾਮਗੜੀਆ ਭਾਈਚਾਰੇ ਨੂੰ ਸੱਦਿਆ ਗਿਆ ਸੀ ਜਿਸ ਵਿੱਚ ਪਹੁੰਚੇ ਅਹੁਦੇਦਾਰਾਂ ਅਤੇ ਜਨਰਲ ਸਕੱਤਰ ਦੇ ਹੁਕਮਾਂ ਨਾਲ ਸੁਸਾਇਟੀ ਦਾ ਢਾਂਚਾ ਭੰਗ ਕੀਤਾ ਗਿਆ ਅਤੇ ਹਰਭਜਨ ਸਿੰਘ ਦੜਿਆਲਾ ਨੂੰ ਕਾਰਜਕਾਰਨੀ ਪੰਜਾਬ ਪ੍ਰਧਾਨ ਥਾਪਿਆ ਗਿਆ ਸੀ ਨਾ ਕਿ ਮੈਂ ਕੱਲੇ ਨੇ ਆਵਦੀ ਮਰਜ਼ੀ ਕੀਤੀ ਸੀ।

‘ਵੀਰ ਬਾਲ ਦਿਵਸ’

# ਸਾਹਿਬਜ਼ਾਦਿਆਂ ਦੀ ਲੀਗੇਸੀ ਹਿੰਦੁਸਤਾਨ ਦੇ ਹਰ ਕੋਨੇ ਪਹੁੰਚ ਰਹੀ ਹੈ

**ਜੇਕਰ** ‘ਬਾਲ’ ਸ਼ਬਦ ਨਾਲ ਸਾਹਿਬਜ਼ਾਦਿਆਂ ਦੇ ਮਾਣ-ਸਤਿਕਾਰ ’ਚ ਫ਼ਰਕ ਪੈਂਦਾ ਹੈ, ਤਾਂ ਫਿਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਅੱਜ ਵੀ ‘ਬਾਲਾ ਪ੍ਰੀਤਮ’ ਹਨ। ਸ੍ਰੀ ਦਸਮੇਸ਼ ਪਿਤਾ ਦੀ ਬਾਲ ਅਵਸਥਾ ਨੂੰ ਚਿਤਰਣ ਸਮੇਂ ‘ਬਾਲਾ ਪ੍ਰੀਤਮ’ ਅਤੇ ‘ਬਾਲ ਗੋਬਿੰਦ ਰਾਇ’ ਲਿਖਿਆ ਜਾਂਦਾ ਹੈ।



ਸਾਹਿਬਜ਼ਾਦਿਆਂ ਪ੍ਰਤੀ ਇਤਿਹਾਸਕ ਪ੍ਰਮਾਣਾਂ ਦੀ ਗੱਲ ਕਰੀਏ ਤਾਂ ‘ਕਥਾ ਗੁਰੂ ਕੇ ਸੁਤਨ ਕੀ’ ਵਿੱਚ ਭਾਈ ਦਨਾ ਸਿੰਘ “ਬਾਲ ਬੁਲਾਇ ਲਏ ਜਬ ਹੀ ਤਬ ਆਨ ਅਦਾਲਤ ਬੀਚ ਪਠਾਏ” ਲਿਖ ਕੇ ਸਾਹਿਬਜ਼ਾਦਿਆਂ ਲਈ ‘ਬਾਲ’ ਸ਼ਬਦ ਦਾ ਹੀ ਪ੍ਰਯੋਗ ਕਰਦੇ ਹਨ। ਸਤਿਗੁਰਾਂ ਦੇ ‘ਬਾਲਾ ਸਾਹਿਬ’ ਦੇ ਨਾਮ ’ਤੇ ਭਾਰਤ ਅਤੇ ਪਾਕਿਸਤਾਨ ਵਿੱਚ ਕਈ ਗੁਰਦੁਆਰੇ ਮੌਜੂਦ ਹਨ।

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦਾ ਬਿਰਤਾਂਤ ਸਿਰਜਣ ਸਮੇਂ “ਆਖਣ ਸਿਧ ਸੁਣ ਬਾਲਿਆ ਅਪਣਾ ਨਾਂ ਤੁਮ ਦੇਹੁ ਬਤਾਈ॥” ਰਾਹੀਂ ਸਿੱਧਾਂ-ਜੋਗੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ‘ਬਾਲਾ’ ਕਹਿ ਕੇ ਸੰਬੋਧਨ ਕਰਨ ਦੇ ਪ੍ਰਮਾਣ ਦਿੰਦੇ ਹਨ। ਜਨਮਸਾਖੀ ਵਿੱਚ ਵੀ “ਸਿੱਧ ਪੁਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ” ਮਿਲਦਾ ਹੈ।

## ਵਿਚਾਰ ਆਪੋ-ਆਪਣਾ

ਇੱਥੇ ਹੀ ਬੱਸ ਨਹੀਂ, ਗੁਰੂ ਨਾਨਕ ਦੇਵ ਜੀ ਖ਼ੁਦ ਵੀ ਆਪਣੀ ਬਾਣੀ ਵਿੱਚ ਸਿੱਧਾਂ ਵੱਲੋਂ ਆਪ ਜੀ ਨੂੰ ‘ਬਾਲਾ’ ਕਹਿ ਕੇ ਸੰਬੋਧਿਤ ਕਰਨ ਨੂੰ ਪ੍ਰਵਾਨ ਕਰਦੇ ਹਨ। ਮਿਸਾਲ ਵਜੋਂ, ਸਿੱਧ ਗੋਸ਼ਟੀ ਵਿੱਚ “ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥” ਅਤੇ “ਬੋਲੈ ਨਾਨਕੁ ਸੁਣਹੁ ਤੁਮ ਬਾਲੇ॥” ਨੂੰ ਦੇਖਿਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਲਈ ‘ਬਾਲ’ ਸ਼ਬਦ ਸਾਹਿਬਜ਼ਾਦਿਆਂ ਦੇ ਸਤਿਕਾਰ ਜਾਂ ਮਹਾਨਤਾ ਵਿੱਚ ਕੋਈ ਕਮੀ ਜਾਂ ਘਾਟ ਨਹੀਂ ਲਿਆਉਂਦਾ, ਬਲਕਿ ਉਨ੍ਹਾਂ ਦੀ ਮਾਸੂਮ ਉਮਰ ਦੀ ਬਾਲ ਅਵਸਥਾ ਵਿੱਚ ਦਿੱਤੀ ਗਈ ਲਾਸਾਨੀ ਸ਼ਹਾਦਤ ਨੂੰ ਹੋਰ ਉਭਾਰਦਾ ਹੈ। “ਸਾਹਿਬਜ਼ਾਦੇ ਬਾਬੇ ਸਨ, ਬਾਲ ਨਹੀਂ” ਵਾਲੀ ਦਲੀਲ ਵੀ ਤਰਕਸੰਗਤ ਨਹੀਂ ਹੈ, ਕਿਉਂਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਬਾਲ ਅਵਸਥਾ ਵਿੱਚ ਹੀ ਹੋਈਆਂ ਹਨ।

‘ਬਾਲ’ ਕਹਿ ਕੇ ਸਾਹਿਬਜ਼ਾਦਿਆਂ ਨੂੰ ਆਮ ਬੱਚਿਆਂ ਦੀ ਸ਼੍ਰੇਣੀ ਵਿੱਚ ਲਿਆਉਣਾ ਕਿਵੇਂ ਹੋ ਸਕਦਾ ਹੈ ? ਕੀ ਕਿਸੇ ਆਮ ਸਧਾਰਨ ਬੱਚੇ ਦਾ ਦੇਸ਼ ਪੱਧਰ ’ਤੇ ਕੋਈ ਦਿਹਾੜਾ ਮਨਾਇਆ ਜਾਂਦਾ ਹੈ ?

ਯਾਦ ਕਰਾਵਾਂ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ ਰਾਸ਼ਟਰੀ ਪੱਧਰ ’ਤੇ ਮਨਾਉਣ ਸਬੰਧੀ ਸਿੱਖ ਪੰਥ ਵੱਲੋਂ ਕੀਤੀ ਗਈ ਚਿਰੋਕਣੀ ਅਤੇ ਪੁਰਜ਼ੋਰ ਮੰਗ ਦੇ ਚਲਦਿਆਂ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ 17 ਜਨਵਰੀ 2018 ਨੂੰ ਦਿੱਲੀ ਦੇ ਵਿਗਿਆਨ ਭਵਨ ਵਿੱਚ ਕਰਵਾਏ ਗਏ ਕੌਮੀ ਸੈਮੀਨਾਰ ਦੌਰਾਨ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਬੀਬੀ ਸਿਮਰਤੀ ਇਰਾਨੀ ਖ਼ਾਸ ਮਹਿਮਾਨ ਸਨ, ਖੁੱਲ੍ਹ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦੇਸ਼ ਪੱਧਰ ’ਤੇ ‘ਬਾਲ ਦਿਵਸ’ ਵਜੋਂ ਮਨਾਉਣ ਦੀ ਵਕਾਲਤ ਕੀਤੀ ਗਈ ਸੀ।

ਇਸ ਸੈਮੀਨਾਰ ਵਿੱਚ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ, ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ, ਅਕਾਲੀ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਵੀ.ਸੀ. ਡਾ. ਜਸਪਾਲ ਸਿੰਘ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਸਮੇਤ ਕਈ ਅਕਾਲੀ ਆਗੂ ਵੀ ਮੌਜੂਦ ਸਨ। ਹਰ ਸਾਲ 14 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨੇਹਰੂ ਦੇ ਜਨਮ ਦਿਨ ਨੂੰ ‘ਬਾਲ ਦਿਵਸ’ ਵਜੋਂ ਮਨਾਇਆ ਜਾਂਦਾ ਹੈ। ਇਸ ਦੇ ਸੰਦਰਭ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਕਰਦਿਆਂ ਹਰ ਸਾਲ 26 ਦਸੰਬਰ ਨੂੰ ‘ਵੀਰ ਬਾਲ ਦਿਵਸ’ ਵਜੋਂ ਮਨਾਉਣ ਦਾ ਐਲਾਨ ਕੀਤਾ। ਇਹ ਪਹਿਲੀ ਵਾਰ ਸੀ ਕਿ ਭਾਰਤੀ ਰਾਸ਼ਟਰ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਰਾਸ਼ਟਰੀ ਸਨਮਾਨ ਦੇ ਕੇ ਦੇਸ਼ ਪੱਧਰ ’ਤੇ ਸਵੀਕਾਰਿਆ। ਜਿੱਥੋਂ ਤੱਕ ਪੰਥਕ ਪ੍ਰਵਾਨਗੀ ਦਾ ਸਵਾਲ ਹੈ, 9 ਜਨਵਰੀ 2022 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ ’ਤੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਇਸ ਐਲਾਨ ਬਾਰੇ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੌਜੂਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਉੱਥੇ ਗੁਰਪੁਰਬ ਮਨਾ ਰਹੀਆਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ, ਜਿਸ ’ਤੇ ਜੈਕਾਰਿਆਂ ਦੀ ਗੂੰਜ ਨਾਲ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਸਮੂਹਿਕ ਪ੍ਰਵਾਨਗੀ ਦਿੱਤੀ ਗਈ।

ਗੁਰਮਤਿ ਵਿਚਾਰਧਾਰਾ ਜਿੱਥੇ ਸਾਂਝੀਵਾਲਤਾ ਨੂੰ ਪ੍ਰਣਾਈ ਹੋਈ ਹੈ, ਉੱਥੇ ਹੀ ਜਬਰ-ਜ਼ੁਲਮ ਦਾ ਟਾਕਰਾ ਸਬਰ ਨਾਲ ਕਰਨ ਪ੍ਰਤੀ ਵੀ ਮਨੁੱਖ ਨੂੰ ਸੇਧ ਦਿੰਦੀ ਆਈ ਹੈ। ਧਰਮ ਦੇ ਨੇਕ ਸਿਧਾਂਤ ਤੋਂ ਭਟਕਣ ਦੀ ਬਜਾਏ ਮੌਤ ਨੂੰ ਤਰਜੀਹ ਦੇਣ ਵਾਲੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ ਆਦਰਸ਼ ਲੱਖਾਂ ਲੋਕਾਂ ਨੂੰ ਬਲ ਬਖ਼ਸ਼ਦੇ ਹਨ। ਉਹ ਕਦੇ ਵੀ ਬੇਇਨਸਾਫ਼ੀ ਅੱਗੇ ਨਹੀਂ ਝੁਕੇ। ਸਾਹਿਬਜ਼ਾਦਿਆਂ ਦੀ ਬਹਾਦਰੀ ਦੀ ਇਸ ਗਾਥਾ ਅਤੇ ਸਿੱਖਾਂ ਦੀ ਦੇਸ਼ ਅਤੇ ਸਮਾਜ ਪ੍ਰਤੀ ਵੱਡੀ ਭੂਮਿਕਾ ਨੂੰ ਦੇਸ਼ ਦੇ ਕੋਨੇ ਕੋਨੇ ਤੋਂ ਇਲਾਵਾ ਦੁਨੀਆ ਦੇ ਹਰ ਮੁਲਕ ਅਤੇ ਹਰ ਧਰਮ ਦੇ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਨੂੰ ਮਹਿਸੂਸ ਕਰਦਿਆਂ ਪ੍ਰਧਾਨ ਮੰਤਰੀ ਵੱਲੋਂ ਉਠਾਇਆ ਗਿਆ ਇਹ ਕਦਮ ਕੇਵਲ ਫ਼ਰਜ਼ ਸਮਝ ਕੇ ਹੀ ਨਹੀਂ ਸਗੋਂ ਸਿੱਖੀ ਪਿਆਰ ਨਾਲ ਪ੍ਰੇਰਿਤ ਹੈ। ਇਹ ਰਾਜਨੀਤੀ ਨਹੀਂ, ਸ਼ਹਾਦਤ ਨੂੰ ਨਮਨ ਹੈ।

ਸਿਆਸੀ ਖੇਤਰ ’ਚ ਇਹ ਸਾਡੇ ਲਈ ਇਕ ਵਿਡੰਬਣਾ ਹੈ ਕਿ ਜੋ ਸਾਡਾ ਵਿਰੋਧੀ ਹੈ ਉਹ ਕੁਝ ਵੀ ਚੰਗਾ ਕਿਵੇਂ ਕਰਦਾ ਹੈ, ਨੁਕਸ ਕੱਢਣਾ ਸਾਡਾ ਸੁਭਾਅ ਹੈ ਫਿਰ ’ਵੀਰ ਬਾਲ ਦਿਵਸ’ ’ਤੇ ਹੀ ਕਿਉਂ ਨਹੀਂ ? ’ਵੀਰ ਬਾਲ ਦਿਵਸ’ ਦੇ ਨਾਮ ਬਦਲਣ ’ਤੇ ਵਿਚਾਰ ਹੋ ਸਕਦਾ ਹੈ, ਪਰ ਅਕਾਲੀ-ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਅੱਜ ਜੋ ਮੰਗ ਉਠਵਾਈ ਜਾ ਰਹੀ ਹੈ, ਉਸ ਪਿੱਛੇ ਸਿਆਸੀ ਮੰਤਵ ਕਾਰਜਸ਼ੀਲ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੀ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ‘ਵੀਰ ਬਾਲ ਦਿਵਸ’ ਨੂੰ ਲੈ ਕੇ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਪੱਤਰ ਲਿਖਣਾ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਦੇ ਨਿਕਾਰਾ ਹੋ ਚੁੱਕੇ ਹੋਣ ਦਾ ਸਬੂਤ ਨਹੀਂ ਦਿੰਦਾ ? ਹੈਰਾਨੀ ਦੀ ਗੱਲ ਹੈ ਕਿ ਸਿਆਸੀ ਦਬਾਅ ਹੇਠ ਮਰਿਆਦਾ ਦੀਆਂ ਧੱਜੀਆਂ ਉਡਾ ਕੇ ਪੰਥਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਿਆਂ ‘ਜਥੇਦਾਰੀ’ ’ਤੇ ਕਾਬਜ਼ ਹੋਏ ਵਿਅਕਤੀ ਵੱਲੋਂ ਹੀ ਅੱਜ ਸਿੱਖ ਭਾਵਨਾਵਾਂ ਦੀ ਦੁਹਾਈ ਦਿੱਤੀ ਜਾ ਰਹੀ ਹੈ।

ਇੱਕ ਸਮਾਂ ਸੀ ਜਦੋਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਇੰਨੀ ਮਜ਼ਬੂਤ ਸੀ ਕਿ ਉਸ ਦੇ ਇੱਕ ਇਸ਼ਾਰੇ ’ਤੇ ਸਰਕਾਰਾਂ ਹਿੱਲ ਜਾਂਦੀਆਂ ਸਨ, ਪਰ ਅੱਜ ਹਾਲਾਤ ਇਹ ਹਨ ਕਿ ਜਥੇਦਾਰ ਨੂੰ ਅਕਾਲੀਆਂ ਦੇ ਸਿਆਸੀ ਮੰਤਵ ਦੀ ਪੂਰਤੀ ਲਈ ਵੀ ਪੰਜਾਬ ਦੇ ਸੰਸਦ ਮੈਂਬਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਮੈਂ ਤਾਂ ਕਹਾਂਗਾ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਾਜਨੀਤਿਕ ਨਾਕਾਮੀ ਨੂੰ ਛੁਪਾਉਣ ਲਈ ‘ਵੀਰ ਬਾਲ ਦਿਵਸ’ ਨੂੰ ਵਿਵਾਦਿਤ ਅਤੇ ਪੰਥਕ ਮੁੱਦਾ ਨਹੀਂ ਬਣਾਉਣਾ ਚਾਹੀਦਾ ਅਤੇ ਸਿਆਸੀ ਮਕਸਦਾਂ ਲਈ ਪੰਥ ਨੂੰ ਭੁਲੇਖੇ ਵਿੱਚ ਨਹੀਂ ਪਾਉਣਾ ਚਾਹੀਦਾ।

ਭਾਵੇਂ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦਾ ਸਨਮਾਨ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਅੱਗੇ ਵੀ ਰਹੇਗਾ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਤਿੰਨ ਸਦੀਆਂ ਦੌਰਾਨ ਕਿਸੇ ਵੀ ਹਕੂਮਤ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਰਾਸ਼ਟਰੀ ਪੱਧਰ ’ਤੇ ਸਜਦਾ ਕਰਨ ਲਈ ਕੁਝ ਨਹੀਂ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਸਤਿਗੁਰਾਂ ਦੇ ਲਾਲਾਂ ਦੀ ਯਾਦ ਵਿੱਚ ਇਸ ਦਿਹਾੜੇ ਨੂੰ ਰਾਸ਼ਟਰ ਨੂੰ ਸਮਰਪਿਤ ਕਰਦਿਆਂ ਹਿੰਦੁਸਤਾਨ ਦੇ ਲੋਕਾਂ ਨੂੰ ਜਗਾਇਆ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਨੂੰ ਯਾਦ ਰੱਖਣ ਦਾ ਸੁਨੇਹਾ ਦਿੱਤਾ। ਹੁਣ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਰਕਾਰੀ ਤੌਰ ’ਤੇ ਸਮਾਗਮ ਮਨਾਏ ਜਾ ਰਹੇ ਹਨ। ਸਕੂਲਾਂ, ਕਾਲਜਾਂ, ਐਨ.ਸੀ.ਸੀ., ਐਨ.ਐੱਸ.ਐੱਸ. ਅਤੇ ਸਭਿਆਚਾਰਕ ਸੰਸਥਾਵਾਂ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾ ਕੇ ਬੱਚਿਆਂ ਨੂੰ ਸ਼ਹਾਦਤ, ਧਰਮ, ਸੱਚ ਅਤੇ ਰਾਸ਼ਟਰ ਪ੍ਰਤੀ ਫ਼ਰਜ਼ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨੇ ਸੰਸਦ ਮੈਂਬਰਾਂ ਨੂੰ ਆਪਣੇ-ਆਪਣੇ ਹਲਕਿਆਂ ਵਿੱਚ ਵੀਰ ਬਾਲ ਦਿਵਸ ਮਨਾਉਣ ਸਬੰਧੀ ਪ੍ਰਭਾਵਸ਼ਾਲੀ ਸਮਾਗਮ ਕਰਨ ਦਾ ਸੱਦਾ ਦਿੱਤਾ, ਜਿਸ ਨੂੰ ਲੈ ਕੇ ਕਈ ਸੰਸਦ ਮੈਂਬਰ ਇਸ ਨੂੰ ਸੰਜੀਦਗੀ ਨਾਲ ਲੈਂਦਿਆਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸਮਾਗਮ ਕਰ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਵੀਰ ਬਾਲ ਦਿਵਸ ਰਾਹੀਂ ਸਿੱਖ ਇਤਿਹਾਸ ਦੇ ਇਸ ਮਹਾਨ ਸ਼ਹੀਦੀ ਅਧਿਆਇ ਨੂੰ ਪਾਠਕ੍ਰਮ ਅਤੇ ਰਾਸ਼ਟਰੀ ਚੇਤਨਾ ਦਾ ਹਿੱਸਾ ਬਣਾ ਕੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਕੇਵਲ ਸਿੱਖ ਧਰਮ ਹੀ ਨਹੀਂ, ਸਗੋਂ ਭਾਰਤ ਦੀ ਆਤਮਿਕ ਵਿਰਾਸਤ ਵਜੋਂ ਪੇਸ਼ ਕੀਤਾ ਗਿਆ ਹੈ।

ਪ੍ਰਤੀਕਾਤਮਿਕ ਨਹੀਂ, ਸਗੋਂ ਸੰਵੇਦਨਸ਼ੀਲ ਪਹੁੰਚ ਅਪਣਾ ਕੇ ਨਵੀਂ ਪੀੜ੍ਹੀ ਨੂੰ ਧਰਮ ਦੀ ਆਜ਼ਾਦੀ, ਅਨਿਆਏ ਵਿਰੁੱਧ ਖੜ੍ਹੇ ਹੋਣ ਅਤੇ ਦੇਸ਼-ਭਗਤੀ ਦੀ ਪ੍ਰੇਰਣਾ ਦੇਣ ਦਾ ਇਹ ਉਪਰਾਲਾ ਗੰਭੀਰ, ਸ਼ਰਧਾਪੂਰਵਕ ਅਤੇ ਸਿੱਖ ਮਰਿਆਦਾ ਅਨੁਸਾਰ ਹੈ, ਜਿਸ ਨਾਲ ਸਿੱਖ ਸਮਾਜ ਵਿੱਚ ਵਿਸ਼ਵਾਸ ਮਜ਼ਬੂਤ ਹੋਇਆ ਹੈ।

ਮੇਰਾ ਵਿਸ਼ਵਾਸ ਹੈ ਕਿ ਦੇਰੀ ਨਾਲ ਸਹੀ, ਪਰ ਭਾਰਤ ਸਰਕਾਰ ਦਾ ਇਹ ਕਦਮ ਇਤਿਹਾਸਕ ਨਿਆਂ ਵੱਲ ਇੱਕ ਢੁਕਵਾਂ ਉਪਰਾਲਾ ਹੈ। ਸਿੱਖ ਇਤਿਹਾਸ ਨੂੰ ਰਾਸ਼ਟਰੀ ਗੌਰਵ ਨਾਲ ਜੋੜਦਿਆਂ ਵੀਰ ਬਾਲ ਦਿਵਸ ਨੂੰ ਕੇਵਲ ਇੱਕ ਦਿਨ ਨਹੀਂ, ਸਗੋਂ ਰਾਸ਼ਟਰੀ ਚੇਤਨਾ ਦਾ ਅਟੁੱਟ ਹਿੱਸਾ ਬਣਾਇਆ ਗਿਆ ਹੈ। ਇਸ ਨਾਲ ਕੌਮ ਦਾ ਸਿਰ ਉੱਚਾ ਹੋਇਆ ਹੈ ਅਤੇ ਖ਼ਾਲਸੇ ਦੇ ਬੋਲ-ਬਾਲੇ ਨਾਲ ਸਿੱਖੀ ਦੀ ਪਛਾਣ ਹੋਰ ਮਜ਼ਬੂਤ ਹੋਵੇਗੀ।

ਸਾਹਿਬਜ਼ਾਦਿਆਂ ਦੇ ਇਸ ਸਨਮਾਨ ਲਈ ਪ੍ਰਧਾਨ ਮੰਤਰੀ ਮੋਦੀ ਸਿੱਖ ਭਾਈਚਾਰੇ ਵੱਲੋਂ ਧੰਨਵਾਦ ਦੇ ਪਾਤਰ ਹਨ। ਜੋ ਵੀ ਵਿਅਕਤੀ ਪੰਥ ਲਈ ਚੰਗਾ ਕਾਰਜ ਕਰਦਾ ਹੈ, ਉਸ ਦੀ ਹੌਸਲਾ ਅਫ਼ਜ਼ਾਈ ਅਤੇ ਸ਼ਲਾਘਾ ਹੋਣੀ ਚਾਹੀਦੀ ਹੈ—ਨਾ ਕਿ ਨੁਕਤਾਚੀਨੀ ਜਾਂ ਨਿੰਦਿਆ ਕਰਦਿਆਂ ਨਾਸ਼ੁਕਰਾ ਬਣਨਾ। ਸਾਨੂੰ ਇਸ ਗੱਲ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਔਰੰਗਜ਼ੇਬ ਨਾਲ ਲੱਖ ਵਿਰੋਧਾਂ ਦੇ ਬਾਵਜੂਦ, ਜ਼ਫ਼ਰਨਾਮੇ ਵਿੱਚ ਦਸਮ ਪਿਤਾ ਨੇ ਉਸ ਦੇ ਕੀਤੇ ਕੁਝ ਚੰਗੇ ਕੰਮਾਂ ਦੀ ਸਿਫ਼ਤ ਵੀ ਕੀਤੀ ਹੈ। ਪ੍ਰਧਾਨ ਮੰਤਰੀ ਦੇ ਇਸ ਵੱਡੇ ਉਪਰਾਲੇ ਦਾ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਦੇ ਨਾਲ-ਨਾਲ ਸਿੱਖ ਬੁੱਧੀਜੀਵੀਆਂ, ਇਤਿਹਾਸਕਾਰਾਂ, ਸਾਹਿਤਕਾਰਾਂ ਅਤੇ ਪ੍ਰਚਾਰਕਾਂ ਨੇ ਭਰਪੂਰ ਸਵਾਗਤ ਕੀਤਾ ਹੈ। ਹਾਲਾਂਕਿ ਕੁਝ ਲੋਕ ਆਪਣੇ ਸਿਆਸੀ ਅਕਾਵਾਂ ਨੂੰ ਖ਼ੁਸ਼ ਕਰਨ ਲਈ ਨਾਮਕਰਨ ’ਤੇ ਇਤਰਾਜ਼ ਕਰਕੇ ਵਿਵਾਦ ਖੜ੍ਹਾ ਕਰਦਿਆਂ ਦੁੱਧ ਵਿੱਚ ਕਾਂਜੀ ਘੋਲਣ ਦੀ ਕੋਸ਼ਿਸ਼ ਕਰ ਰਹੇ ਹਨ।

ਸਾਹਿਬਜ਼ਾਦਿਆਂ ਦਾ ਸਨਮਾਨ ’ਤੇ ਰਾਜਨੀਤੀ ਨਾ ਕਰੀਏ ਅਤੇ ਨਾ ਹੀ ਐਨੇ ਬੇਸ਼ੁਕਰੇ ਤੇ ਬੇਈਮਾਨ ਬਣੀਏ। ਨਾ ਹੀ ਪ੍ਰਧਾਨ ਮੰਤਰੀ ਮੋਦੀ ਦੇ ਇਸ ਚੰਗੇ ਉਪਰਾਲੇ ਨੂੰ ਨਫ਼ਰਤ ਦੀ ਤੱਕੜੀ ਵਿੱਚ ਤੋਲ ਕੇ ਹੁੱਜਤਾਂ ਕਰੀਏ, ਸਗੋਂ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕਰੀਏ ਤਾਂ ਜੋ ਸਿੱਖ ਪੰਥ ਲਈ ਸਹੀ ਫ਼ੈਸਲੇ ਲੈਣ ਵਿੱਚ ਉਨ੍ਹਾਂ ਨੂੰ ਦ੍ਰਿੜ੍ਹਤਾ ਤੇ ਮਜ਼ਬੂਤੀ ਮਿਲੇ। ਸਾਨੂੰ ਮਾਣ ਅਤੇ ਚਾਅ ਹੋਣਾ ਚਾਹੀਦਾ ਹੈ ਕਿ ਗੁਰੂ ਦੇ ਲਾਲਾਂ ਦੀ ਘਾਲ-ਕਮਾਈ ਪ੍ਰਧਾਨ ਮੰਤਰੀ ਦੇ ਇਸ ਅਤਿ ਪਵਿੱਤਰ ਉਪਰਾਲੇ ‘ਵੀਰ ਬਾਲ ਦਿਵਸ’ ਰਾਹੀਂ ਹਿੰਦੁਸਤਾਨ ਦੇ ਹਰ ਨੁੱਕਰ ਤੱਕ ਪਹੁੰਚ ਰਹੀ ਹੈ। ਭਾਰਤ ਸਰਕਾਰ ਵੱਲੋਂ ਵੀਰ ਬਾਲ ਦਿਵਸ ਮਨਾਉਣ ਪ੍ਰਤੀ ਹੁਣ ਤੱਕ ਦੀ ਭੂਮਿਕਾ ਇਤਿਹਾਸਕ, ਸੰਵੇਦਨਸ਼ੀਲ ਅਤੇ ਰਾਸ਼ਟਰੀ ਪੱਧਰ ’ਤੇ ਅਤਿ ਮਹੱਤਵਪੂਰਨ ਰਹੀ ਹੈ। ਹਾਂ ਇਹ ਬੇਨਤੀ ਹੈ ਜ਼ਰੂਰ ਹੈ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ’ਵੀਰ ਬਾਲ ਦਿਵਸ’ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੂੰ ਵੀ ਭਾਵ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੀਤਾ ਜਾਵੇ।

**— ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ**
**ਬੁਲਾਰਾ, ਪੰਜਾਬ ਭਾਜਪਾ ਅਤੇ ਸਿੱਖ ਚਿੰਤਕ**
**ਮੋਬਾਇਲ: 9781355522**

**ਵਿਸ਼ੇਸ਼ ਨੋਟ : ਉਪਰੋਕਤ ਲੇਖਕ ’ਚ ਵਿਚਾਰ ਲੇਖਕ ਦੇ ਨਿੱਜੀ ਹਨ। ਅਦਾਰਾ ‘ਆਵਾਜ਼ਿ ਕੌਮ ਯੂ. ਕੇ.’ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।**

# ਪੰਜਾਬ ਨੇ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰਾਂ-2025 ਦੇ ਸੂਬਿਆਂ ਦੀ ਕਾਰਗੁਜ਼ਾਰੀ

## ਵਰਗ ਵਿਚ ਦੇਸ਼ ਭਰ ਵਿਚੋਂ ਦੂਜਾ ਸਥਾਨ ਕੀਤਾ ਹਾਸਲ



**ਨਵੀਂ ਦਿੱਲੀ, 14 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:-ਊਰਜਾ ਸਮਰੱਥਾ ਵਾਧੇ ਅਤੇ ਸੰਭਾਲ ਦੇ ਖੇਤਰ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਮਿਸਾਲੀ ਯਤਨਾਂ ਨੂੰ ਰਾਸ਼ਟਰੀ ਪੱਧਰ ‘ਤੇ ਮਾਨਤਾ ਪ੍ਰਾਪਤ ਹੋਈ ਹੈ। ਪੰਜਾਬ ਸੂਬੇ ਨੇ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰਾਂ-2025 ਦੇ ਸੂਬਿਆਂ ਦੀ ਕਾਰਗੁਜਾਰੀ ਵਰਗ ਵਿੱਚ ਦੇਸ਼ ਭਰ ਵਿਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਪੰਜਾਬ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਬਾਰੇ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਦਿੱਲੀ ਦੇ ਵਿਗਿਆਨ ਭਵਨ ਵਿਖੇ ਹੋਏ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰ 2025 ਸਮਾਰੋਹ ਵਿਚ ਰਾਸ਼ਟਰਪਤੀ ਸ਼੍ਰੀਮਤੀ ਦਰੋਪਦੀ ਮੁਰਮੂ ਪਾਸੋਂ ਇਹ ਅਹਿਮ ਪੁਰਸਕਾਰ ਪ੍ਰਾਪਤ ਕੀਤਾ। ਪੁਰਸਕਾਰ ਸਮਾਰੋਹ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਇਸ ਵੱਕਾਰੀ ਪੁਰਸਕਾਰ ਨੂੰ ਜਿੱਤਣ ਸਦਕਾ ਪੰਜਾਬ ਊਰਜਾ ਸਮਰੱਥਾ ਦੇ ਖੇਤਰ ਵਿਚ ਵਧੀਆ ਕਾਰਗੁਜ਼ਾਰੀ ਵਾਲੇ ਦੇਸ਼ ਦੇ ਚੋਟੀ ਦੇ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਇਸ ਖੇਤਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤ ਬਣਾਉਣ ਲਈ ਕੀਤੇ ਗਏ ਉਪਰਾਲਿਆਂ ਦਾ ਜਿਕਰ ਕਰਦਿਆਂ ਉਨਾਂ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ 18000 ਸੂਰਜੀ ਊਰਜਾ ਵਾਲੇ ਪੰਪ ਲਗਾਏ ਚੁੱਕੇ ਹਨ ਅਤੇ ਇਸ ਗਿਣਤੀ ਨੂੰ ਹੋਰ ਵਧਾਉਣ ਲਈ ਮੁਸੱਲਸਲ ਯਤਨ ਜਾਰੀ ਹਨ। ਇਨ੍ਹਾਂ ਤੋਂ ਇਲਾਵਾ ਛੋਟੇ ਤੇ ਦਰਮਿਆਨੇ ਉਦਯੋਗਿਕ ਯੂਨਿਟ ਵਰਗ ਤਹਿਤ ਵੇਰਕਾ ਪਲਾਂਟਾਂ ਵਿਚ 185 ਊਰਜਾਕੁਸ਼ਲ ਤਕਨੀਕ ਦੀਆਂ ਮੋਟਰਾਂ ਲਗਾਈਆਂ ਜਾ ਚੁੱਕੀਆਂ ਹਨ। ਇਨ੍ਹਾਂ ਯਤਨਾਂ ਨੂੰ ਹੋਰ ਅੱਗੇ ਵਧਾਉਂਦਿਆਂ ਸੂਬਾ ਸਰਕਾਰ ਨੇ ਸੂਬੇ ਦੀਆਂ ਸਰਕਾਰੀ ਇਮਾਰਤਾਂ ਵਿਚ ਸੂਰਜੀ ਊਰਜਾ ਦੇ 35 ਮੈਗਾਵਾਟ ਦੀ ਸਮਰੱਥਾ ਦੇ ਰੂਫਟਾਪ ਪ੍ਰਾਜੈਕਟ ਸਫਲਤਾਪੂਰਵਕ ਸਥਾਪਤ ਕੀਤੇ ਹਨ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਮਾਰਤਾਂ ਵਿਚ ਊਰਜਾ ਸਮਰੱਥਾ ਵਾਧੇ ਅਤੇ ਸੰਭਾਲ ਲਈ ਕਦਮ ਚੁੱਕਣੇ ਵਪਾਰਕ ਖੇਤਰ ਵਿਚ ਊਰਜਾ ਬਚਾਉਣ ਲਈ ਬਹੁਤ ਅਹਿਮੀਅਤ ਰੱਖਦਾ ਹੈ, ਜਿਸ ਖਾਤਰ ਊਰਜਾਕੁਸ਼ਲਤਾ ਵਾਲੇ ਡਿਜਾਇਨ, ਢੁਕਵੀਂ ਇਮਾਰਤੀ ਸਮੱਗਰੀ ਦੀ ਵਰਤੋ ਅਤੇ ਊਰਜਾ ਸੰਭਾਲ ਇਮਾਰਤੀ ਕੋਡ ਦੀ ਵਰਤੋ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਸੂਬੇ ਵਿਚ ਸੰਯੁਕਤ ਜਲਵਾਯੂ ਜ਼ੋਨ ਲਈ ਕੌਮੀ ਊਰਜਾ ਸੰਭਾਲ ਬਿਲਡਿੰਗ ਕੋਡ ਵਿਚ ਸੋਧ ਕਰਕੇ ਪੰਜਾਬ ਊਰਜਾ ਸੰਭਾਲ ਬਿਲਡਿੰਗ ਕੋਡ (ਈ.ਸੀ.ਬੀ.ਸੀ) ਨੂੰ ਨੋਟੀਫਾਈ ਕਰਨ ਦੀ ਪਹਿਲਕਦਮੀ ਕੀਤੀ ਹੈ। ਭਵਿੱਖੀ ਜ਼ਰੂਰਤਾਂ ਨੂੰ ਵੇਖਦਿਆਂ ਹੋਇਆਂ ਇਮਾਰਤੀ ਨਿਯਮਾਂ ਨੂੰ ਲਾਗੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 850 ਇਮਾਰਤਾਂ ਨੂੰ ਈ.ਸੀ.ਬੀ.ਸੀ ਨਿਯਮ ਪਾਲਣਾ ਤਹਿਤ ਲਿਆਂਦਾ ਜਾ ਚੁੱਕਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਊਰਜਾ ਸੰਭਾਲ ਤੇ ਸਮਰੱਥਾ ਵਾਧੇ ਦੇ ਖੇਤਰ ਵਿਚ ਪਹਿਲਕਦਮੀਆਂ ਲਈ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਇਨ੍ਹਾਂ ਸਮੁੱਚੇ ਯਤਨਾ ਦੇ ਸਦਕਾ ਹੀ ਹੁਣ ਤੱਕ 12000 ਮਿਲੀਅਨ ਯੂਨਿਟਾਂ ਦੀ ਬਚਤ ਸੰਭਵ ਹੋ ਚੁੱਕੀ ਹੈ। ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਕਿਹਾ ਕਿ ਉਦਯੋਗਿਕ ਵਿਸਥਾਰ ਅਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਦੇ ਨਾਲ-ਨਾਲ ਬਿਜਲੀ ਦੀ ਮੰਗ ਵੀ ਵਧ ਰਹੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਬਿਜਲੀ ਉਤਪਾਦਨ ਲਈ ਰਵਾਇਤੀ ਬਿਜਲੀ ਉਤਪਾਦਨ ਦੀ ਥਾਂ ਤੇ ਸੂਰਜੀ ਊਰਜਾ, ਪਣ ਬਿਜਲੀ ਉਤਪਾਦਨ ਅਤੇ ਬਾਇਓਮਾਸ ਬਿਜਲੀ ਉਤਪਾਦਨ ਦੀਆਂ ਵਿਧੀਆਂ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ, ਜੋ ਊਰਜਾ ਸਮਰੱਥਾ ਅਤੇ ਸੰਭਾਲ ਦੇ ਨਾਲ -ਨਾਲ ਵਾਤਾਵਰਣ ਸੰਭਾਲ ਲਈ ਸਭ ਤੋਂ ਵਧੇਰੇ ਕਾਰਗਰ ਸਾਬਤ ਹੋਣਗੀਆਂ। ਇਸ ਮੌਕੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਸੀ.ਈ.ਓ ਸ਼੍ਰੀਮਤੀ ਨੀਲਿਮਾ, ਪ੍ਰਸ਼ਾਸਕੀ ਸਕੱਤਰ, ਨਵੇਂ ਅਤੇ ਨਵਿਆਉਣਯੋਗ ਸਰੋਤ ਵਿਭਾਗ ਡਾ. ਬਸੰਤ ਗਰਗ, ਵਧੀਕ ਡਾਇਰੈਕਟਰ ਜਸਪਾਲ ਸਿੰਘ ਅਤੇ ਪ੍ਰਾਜੈਕਟ ਇੰਜੀਨੀਅਰ ਸ਼ਰਦ ਸ਼ਰਮਾ ਵੀ ਮੌਜੂਦ ਸਨ।

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਅੰਮ੍ਰਿਤ ਸੰਚਾਰ ਸਮਾਗਮ ਸਮੇਂ 147 ਪ੍ਰਾਣੀ ਗੁਰੂ ਵਾਲੇ ਬਣੇ



**ਤਲਵੰਡੀ ਸਾਬੋ, 14 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹਫ਼ਤਾਵਾਰੀ ਗੁਰਮਤਿ ਸਮਾਗਮ ਦੌਰਾਨ ਭਾਈ ਜਗਤਾਰ ਸਿੰਘ ਹੈੱਡ ਗ੍ਰੰਥੀ, ਭਾਈ ਅੰਮ੍ਰਿਤਪਾਲ ਸਿੰਘ ਹਜ਼ੂਰੀ ਰਾਗੀ ਜਥਾ, ਭਾਈ ਅੰਮ੍ਰਿਤਪਾਲ ਸਿੰਘ ਭੀਖੀ ਪ੍ਰਚਾਰਕ, ਭਾਈ ਹਰਵਿੰਦਰ ਸਿੰਘ ਬੱਗਾ ਢਾਡੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਪੰਜ ਪਿਆਰੇ ਸਹਿਬਾਨਾਂ ਵੱਲੋਂ ਆਈਆਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਗਿਆ। 147 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਨ ਲਈ ਵਧਾਈ ਦਿੱਤੀ। ਇਸ ਸਮੇਂ ਤਖ਼ਤ ਸਾਹਿਬ ਦੇ ਮੈਨੇਜਰ ਸ. ਨਰਿੰਦਰਜੀਤ ਸਿੰਘ ਅਤੇ ਸਬ ਆਫ਼ਿਸ ਧਰਮ ਪ੍ਰਚਾਰ ਕਮੇਟੀ ਦੇ ਇੰਚਾਰਜ ਸ. ਭੋਲਾ ਸਿੰਘ ਹੀਰੇਵਾਲਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਤਲਵੰਡੀ ਸਾਬੋ ਦੇ ਪਿੰਡਾਂ ਅੰਦਰ ਵੋਟਾਂ ਪੈਣ ਮੌਕੇ ਇੱਕ ਥਾਂ ਝੜਪ

## ਸਾਬਕਾ ਜਿਲ੍ਹਾ ਪ੍ਰੀਸ਼ਦ ਮੈਂਬਰ ਜ਼ਖਮੀ













**ਤਲਵੰਡੀ ਸਾਬੋ, 14 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡਾਂ ਅੰਦਰ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਦਾ ਕੰਮ ਅਮਨ ਅਮਾਨ ਨਾਲ ਨੇਪਰੇ ਚੜ੍ਹ ਗਿਆ। ਭਾਵੇਂ ਅਫਵਾਹਾਂ ਦਾ ਬਜ਼ਾਰ ਥੋੜਾ ਗਰਮ ਰਿਹਾ ਪਰ ਨਿਰਧਾਰਤ ਸਮੇਂ ਤੱਕ ਵੋਟਾਂ ਪੈਣ ਸਮੇਂ ਪੋਲਿੰਗ ਬੂਥਾਂ ਤੇ ਸ਼ਾਂਤੀ ਬਣੀ ਰਹੀ। ਅੱਜ ਮੌਸਮ ਦੇ ਬਦਲਦਿਆਂ ਸਵੇਰੇ ਜਲਦ ਵੋਟਾਂ ਪੈਣ ਲਈ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਨਹੀਂ ਲੱਗੀਆਂ ਅਤੇ ਖਾਸ ਕਰਕੇ 12 ਵਜੇ ਦੇ ਕਰੀਬ ਵੀ ਪਿੰਡਾਂ ਅੰਦਰ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਨਹੀਂ ਵੇਖੀਆਂ ਗਈਆਂ। ਇਸ ਵਾਰ ਥੋੜਾ ਇਹ ਵੀ ਜਾਪ ਰਿਹਾ ਸੀ ਕਿ ਲੋਕਾਂ ਨੂੰ ਵੋਟਾਂ ਲਈ ਰੁਚੀ ਘੱਟ ਹੈ ਤੇ ਸ਼ਾਮ ਨਿਰਧਾਰਤ ਸਮੇਂ ਤੱਕ ਇਲਾਕੇ ਅੰਦਰ ਕਰੀਬ 43 ਪ੍ਰਤੀਸ਼ਤ ਵੋਟ ਪੋਲ ਹੋਈ। ਬਜ਼ੁਰਗਾਂ ਵਿੱਚ ਵੋਟਾਂ ਪਾਉਣ ਦਾ ਉਤਸ਼ਾਹ ਬਣਿਆ ਰਿਹਾ। ਪ੍ਰਸ਼ਾਸਨ ਵੱਲੋਂ ਇਲਾਕੇ ਦੇ 157 ਬੂਥਾਂ ’ਤੇ ਪੂਰੇ ਪ੍ਰਬੰਧ ਕੀਤੇ ਹੋਏ ਸਨ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸੁਰੱਖਿਆ ਪ੍ਰਬੰਧ ਕੀਤੇ ਗਏ ਅਤੇ ਸਮੇਂ-ਸਮੇਂ ’ਤੇ ਇੰਨਾਂ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਵੋਟਾਂ ਪੈਣ ਦਾ ਕੰਮ ਨੇਪਰੇ ਚੜ੍ਹਨ ਤੋਂ ਬਾਅਦ ਹੁਣ ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕ ਨਤੀਜਿਆਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਉਧਰ ਬਲਾਕ ਸੰਮਤੀ ਹਲਕੇ ਜੰਬਰ ਬਸਤੀ ਅਧੀਨ ਆਉਂਦੇ ਪਿੰਡ ਫਤਹਿਗੜ੍ਹ ਨੌ ਆਬਾਦ ’ਚ ਵੋਟਿੰਗ ਦੇ ਅੰਤਿਮ ਪੜਾਅ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਜਿਲ੍ਹਾ ਪ੍ਰੀਸ਼ਦ ਦੇ ਸਾਬਕਾ ਮੈਂਬਰ ਗੁਰਪ੍ਰਤਾਪ ਸਿੰਘ ਤੇ ਕਥਿਤ ਹਮਲਾ ਹੋਣ ਅਤੇ ਹਮਲੇ ਕਾਰਨ ਗੰਭੀਰ ਜਖਮੀ ਹੋ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਮੁੱਢਲੀ ਜਾਣਕਾਰੀ ਮੁਤਾਬਿਕ ਕਥਿਤ ਹਮਲੇ ਕਾਰਨ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਦੀ ਲੱਤ ਕਾਫ਼ੀ ਨੁਕਸਾਨੀ ਗਈ ਹੈ ਅਤੇ ਉਨ੍ਹਾਂ ਨੂੰ ਇਲਾਜ਼ ਲਈ ਸਬ ਡਵੀਜ਼ਨਲ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਦਾਖਿਲ ਕਰਵਾਇਆ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ. ਰਵੀਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਇਕ ਪਾਸੇ ਹਾਟ ਸੀਟ ਮੰਨੀ ਜਾਂਦੀ ਜਗਾ ਰਾਮ ਤੀਰਥ ਵਿਖੇ ਪ੍ਰੋ. ਬਲਜਿੰਦਰ ਕੌਰ (ਚੀਫ਼ ਵਿਪ੍ਹ) ਹਲਕਾ ਵਿਧਾਇਕਾ ਵਲੋਂ ਕਥਿਤ ਤੌਰ ’ਤੇ ਬਾਹਰੋਂ ਬੰਦੇ ਬੁਲਾ ਕੇ ਵੋਟਰਾਂ ਨਾਲ ਧੱਕੇਸ਼ਾਹੀ ਕੀਤੀ। ਬਜ਼ੁਰਗਾਂ ਨੂੰ ਧੱਕੇ ਮਾਰ ਕੇ ਬਾਹਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੂਜੇ ਪਾਸੇ ਪ੍ਰੋ. ਬਲਜਿੰਦਰ ਕੌਰ ਪਿਛਲੇ ਦਿਨੀਂ ਬਿਆਨ ਦਿੱਤਾ ਸੀ ਕਿ ਅਮਨ ਸ਼ਾਂਤੀ ਵੋਟਾਂ ਪਵਾਈਆਂ ਜਾਣਗੀਆਂ ਪਰ ਇਹ ਅਮਨ ਸ਼ਾਂਤੀ ਹੈ ਤੇ ਇਹ ਬਦਲਾਅ ਹੈ ? ਉਹਨਾਂ ਕਿਹਾ ਕਿ ਪਹਿਲਾਂ ਇਹਨਾਂ ਨੇ ਜਗਾ ਰਾਮ ਤੀਰਥ ਵਿਖੇ ਬੂਥ ਕੈਪਚਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਫਤਿਹਗੜ੍ਹ ਨੌ ਆਬਾਦ ਵਿਖੇ 100 ਦੇ ਕਰੀਬ ਗੁੰਡਾ ਅਨਸਰ ਬੂਥ ਕੈਪਚਰ ਕਰਨ ਦੀ ਕੋਸ਼ਿਸ਼ ਵਿੱਚ ਬੁਲਾਏ ਗਏ। ਸ. ਸੁਖਬੀਰ ਸਿੰਘ ਬਾਦਲ ਨੇ ਐਸਐਸਪੀ ਬਠਿੰਡਾ ਨਾਲ ਖੁਦ ਫੋਨ ਤੇ ਗੱਲਬਾਤ ਕੀਤੀ ਹਾਲਾਂਕਿ ਫੋਰਸ ਭੇਜੀ ਗਈ ਪ੍ਰੰਤੂ ਪੁਲਿਸ ਨੇ ਸਾਡੀ ਕੋਈ ਗੱਲ ਨਹੀਂ ਸੁਣੀ, ਇਥੋਂ ਤੱਕ ਕਿ ਪੁਲਿਸ ਨੇ ਅਕਾਲੀ ਵਰਕਰਾਂ ’ਤੇ ਲਾਠੀਆਂ ਚਲਾਈਆਂ ਗਈਆਂ। ਇਲੈਕਸ਼ਨ ਕਮਿਸ਼ਨ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਦਾ ਨੋਟਿਸ ਲਿਆ ਜਾਵੇ ਤੇ ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਮਾਣੂੰਕੇ ਜੋਨ ਦੇ 14 ਪਿੰਡਾਂ ਵਿੱਚ ਵਿੱਚ ਸ਼ਾਂਤਮਈ ਢੰਗ ਨਾਲ ਵੋਟਾਂ ਪਈਆਂ

## ਚੋਣਾਂ ਤੋਂ ਬਾਅਦ ਇਤਿਹਾਸਕ ਪਿੰਡ ਹਠੂਰ ਵਾਲੇ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਦੇ ਹਨ-ਦਵਿੰਦਰ ਸਿੰਘ ਬੱਬੀ ਗਰੇਵਾਲ














ਆਵਾਜ਼ਿ ਕੌਮ AWAZE QAUM International Newspaper & WEB TV

ਜਗਰਾਉਂ -(ਵਰਿਆਮ ਹਠੂਰ) ਜਿੱਥੇ ਪੰਜਾਬ ਦੇ ਵੱਖ ਵੱਖ ਪਿੰਡਾਂ ਅਤੇ ਕਸਬਿਆਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਵੋਟਾਂ ਪਈਆਂ, ਉੱਥੇ ਹਲਕਾ ਜਗਰਾਉਂ ਦੇ ਮਾਣੂੰਕੇ ਜੋਨ ਦੇ 14 ਪਿੰਡਾਂ ਵਿੱਚ ਬਿਨਾਂ ਲੜਾਈ ਝਗੜੇ ਦੇ ਸ਼ਾਂਤਮਈ ਢੰਗ ਨਾਲ ਵੋਟਾਂ ਦਾ ਕੰਮ ਨੇਪਰੇ ਚੜ੍ਹਿਆ, ਇਤਿਹਾਸਕ ਕਸਬਾ ਹਠੂਰ ਵਿੱਚ ਵੀ ਅਮਨ ਸ਼ਾਂਤੀ ਨਾਲ ਵੋਟਾਂ ਪਈਆਂ, ਸਬੰਧਿਤ ਪ੍ਰਸ਼ਾਸਨ ਵੱਲੋਂ ਆਪਣਾ ਬਣਦਾ ਅਹਿਮ ਰੋਲ ਅਦਾ ਕੀਤਾ ਗਿਆ, ਜਿੱਥੇ ਪਹਿਲਾਂ ਕਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਲੋਕਾਂ ਦੀ ਦਿਲਚਸਪੀ ਘੱਟ ਹੁੰਦੀ ਸੀ। ਪਰ ਇਸ ਵਾਰ ਕਈ ਪਿੰਡਾਂ ਵਿੱਚ ਸਰਪੰਚੀ ਵਾਲਾ ਮਹੌਲ ਬਣਿਆ ਹੋਇਆ ਸੀ। ਤੇ ਵੋਟਰ ਆਪੋ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਉਤਾਵਲੇ ਵੇਖੇ ਗਏ, ਤੇ ਵੋਟਰਾਂ ਨੇ ਵੋਟਾਂ ਪਾਉਣ ਲਈ ਪੂਰੀ ਦਿਲਚਸਪੀ ਵਿਖਾਈ ਗਈ, ਤੇ ਪੋਲਿੰਗ ਬੂਥਾਂ ਤੇ ਪੂਰੀਆਂ ਰੌਣਕਾਂ ਵੇਖਣ ਨੂੰ ਮਿਲੀਆਂ, ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਵੱਲੋਂ ਪੋਲਿੰਗ ਬੂਥਾਂ ਦੌਰਾ ਕੀਤਾ ਗਿਆ, ਪ੍ਰੈਸ ਨਾਲ ਗੱਲਬਾਤ ਕਰਦਿਆਂ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ ਨੇ ਕਿਹਾ ਕਿ ਜੋਨ ਮਾਣੂੰਕੇ ਦੇ 14 ਪਿੰਡਾਂ ਵਿੱਚੋਂ ਕਿਤੇ ਵੀ ਲੜਾਈ ਝਗੜੇ ਦੀ ਗੱਲ ਸਾਹਮਣੇ ਨਹੀਂ ਆਈ ਤੇ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਵੋਟਾਂ ਪਈਆਂ, ਇਸੇ ਤਰ੍ਹਾਂ ਸਾਡੇ ਇਤਿਹਾਸਕ ਪਿੰਡ ਹਠੂਰ ਵਿੱਚ ਵੀ ਸ਼ਾਂਤਮਈ ਢੰਗ ਨਾਲ ਵੋਟਿੰਗ ਹੋਈ ਹੈ। ਤੇ ਸੰਬੰਧਿਤ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਆਪਣੀਆਂ ਜ਼ਿੰਮੇਵਾਰੀਆਂ ਨਾਲ ਡਿਊਟੀਆਂ ਨਿਭਾਈਆਂ ਗਈਆਂ, ਉਨ੍ਹਾਂ ਕਿਹਾ ਕਿ ਇਤਿਹਾਸਕ ਪਿੰਡ ਹਠੂਰ ਇੱਕ ਅਜਿਹਾ ਸੰਘਣੀ ਆਬਾਦੀ ਵਾਲਾ ਪਿੰਡ ਹੈ। ਜਿੱਥੇ ਚੋਣਾਂ ਵਿੱਚ ਕਿਤੇ ਵੀ ਲੜਾਈ ਝਗੜਾ ਨਹੀਂ ਹੋਇਆ ਤੇ ਚੋਣਾਂ ਦੀ ਜਿੱਤ ਹਾਰ ਤੋਂ ਬਾਅਦ ਆਪਸੀ ਭਾਈਚਾਰਕ ਸਾਂਝ ਪਿੰਡ ਵਾਸੀਆਂ ਵੱਲੋਂ ਹਮੇਸ਼ਾਂ ਹੀ ਕਾਇਮ ਰੱਖੀ ਜਾਂਦੀ ਹੈ ਕਦੇ ਵੀ ਕਿਸੇ ਕਿਸਮ ਦੀ ਖਟਾਸ ਪੈਦਾ ਨਹੀਂ ਹੋਈ, ਅੱਜ ਉਮੀਦਵਾਰਾਂ ਦੀ ਕਿਸਮਤ ਡੱਬਿਆਂ ਵਿੱਚ ਬੰਦ ਹੋਈ ਹੈ। ਤੇ ਫ਼ੈਸਲਾ ਸਮੇਂ ਦੀ ਬੁੱਕਲ ਵਿੱਚ ਹੈ। ਮਾਣੂੰਕੇ ਜੋਨ ਦੇ 14 ਪਿੰਡਾਂ ਵਿੱਚੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਜਿੱਤ ਦਾ ਸਿਹਰਾ ਕਿਸ ਕਿਸ ਦੇ ਸਿਰਾਂ ਤੇ ਸਜਣਾ ਹੈ। ਸਮੇਂ ਦੀ ਬੁੱਕਲ ਵਿੱਚ ਹੈ। ਵੋਟਰਾਂ ਨੇ ਅਧਿਕਾਰਿਤ ਤੌਰ ਤੇ ਆਪਣੀ ਮੱਤ ਦਾ ਦਾਨ ਕੀਤਾ ਹੈ। ਗੱਲਬਾਤ ਕਰਦਿਆਂ ਬਲਾਕ ਸੰਮਤੀ ਦੇ ਉਮੀਦਵਾਰ ਪਰਮਿੰਦਰ ਸਿੰਘ ਹਠੂਰ ਨੇ ਕਿਹਾ ਕਿ ਸਾਰੇ ਪੋਲਿੰਗ ਬੂਥਾਂ ਤੇ ਪੂਰੀਆਂ ਰੌਣਕਾਂ ਵੇਖਣ ਨੂੰ ਮਿਲੀਆਂ, ਤੇ ਅਮਨ ਸ਼ਾਂਤੀ ਨਾਲ ਵੋਟਾਂ ਪਈਆਂ ਇਸ ਲਈ ਪ੍ਰਸ਼ਾਸਨ ਅਤੇ ਸਰਕਾਰ ਦਾ ਧੰਨਵਾਦ ਕਰਦੇ ਹਾਂ, ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਕਿਹਾ ਕਿ ਚੋਣਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਪਰ ਆਪਸੀ ਭਾਈਚਾਰਕ ਸਾਂਝ ਹਮੇਸ਼ਾ ਕਾਇਮ ਰਹਿਣੀ ਚਾਹੀਦੀ ਹੈ। ਸਾਡੇ ਪਿੰਡ ਦੇ ਲੋਕ ਬਹੁਤ ਵਧੀਆ ਹਨ। ਜੋ ਹਰ ਵਾਰ ਸ਼ਾਂਤੀ ਵਾਲਾ ਮਹੌਲ ਬਣਾ ਕੇ ਰੱਖਦੇ ਹਨ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੰਮੂ ਕਸ਼ਮੀਰ ਦੇ ਪਿੰਡ ਫਲੋਰਾ ਵਿਖੇ ਮਾਤਾ ਗੁਜ਼ਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ

# ਗੁਰਮਤਿ ਸਮਾਗਮ ਆਯੋਜਿਤ

## ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਬਾਣੀ ਗੁਰ ਇਤਿਹਾਸ ਦੀ ਸਿੱਖ ਸੰਗਤਾਂ ਨਾਲ ਸਾਂਝ ਪਾਈ














ਜੰਮੂ ਕਸ਼ਮੀਰ ਦੇ ਪਿੰਡ ਫਲੋਰਾ ਵਿਖੇ ਮਾਤਾ ਗੁਜ਼ਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ 13 ਦਸੰਬਰ 2025 ਨੂੰ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਬਾਣੀ ਗੁਰ ਇਤਿਹਾਸ ਦੀ ਸਿੱਖ ਸੰਗਤਾਂ ਨਾਲ ਸਾਂਝ ਪਾਈ ਬੇਅੰਤ ਸੰਗਤਾਂ ਨੇ ਹਾਜਰੀ ਭਰੀ ਗੁਰੂ ਕਾ ਲੰਗਰ ਅਤੁੱਟ ਵਰਤਿਆ ਭਾਈ ਬਲਵੰਤ ਸਿੰਘ ਬਾਸਪੁਰ ਅਤੇ ਪ੍ਰਬੰਧਕਾਂ ਵੱਲੋ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੰਜਾਬ ਸਰਕਾਰ ਬਨਾਮ ਭਾਈ ਅੰਮ੍ਰਿਤਪਾਲ ਸਿੰਘ




ਭਾਈ ਅੰਮ੍ਰਿਤਪਾਲ ਸਿੰਘ ਤੇ ਲੱਗੇ NSA ਅਤੇ ਪਾਰਲੀਮੈਂਟ ਸੈਸ਼ਨ ਨੂੰ ਲੈਕੇ ਇੱਕ 15 ਬੰਦਿਆਂ ਦੀ ਲਿਸਟ ਦੁਬਾਰਾ ਫਿਰ ਚਰਚਾ ਵਿੱਚ ਹੈ। ਪੰਜਾਬ ਸਰਕਾਰ ਨੇ NSA ਸਹੀ ਸਾਬਤ ਕਰਨ ਲਈ ਹਾਈਕੋਰਟ 'ਚ ਆਪਣੀਆਂ ਜਵਾਬੀ ਦਲੀਲਾਂ ਵਿੱਚ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਗੁਰਪ੍ਰੀਤ ਸਿੰਘ ਹਰੀ ਨੌਂ ਦਾ ਕਤਲ ਕਰਵਾਇਆ ਹੈ।ਅਤੇ ਓਹ ਹੋਰ 15 ਬੰਦਿਆਂ ਦਾ ਵੀ ਕਤਲ ਕਰਵਾਉਣਾ ਚਾਹੁੰਦਾ ਹੈ, ਇਸ ਕਰਕੇ ਉਸਤੇ NSA ਲਾਉਣੀ ਅਤੇ ਬਹਾਲ ਰੱਖਣੀ ਜਾਇਜ਼ ਹੈ।ਜਿੰਨਾ 15 ਬੰਦਿਆਂ ਦੇ ਨਾਮ ਸਰਕਾਰ ਨੇ ਹਾਈਕੋਰਟ ਵਿੱਚ ਦਿੱਤੇ ਹਨ ਉਹ 15 ਬੰਦੇ (1-2 ਨੂੰ ਛੱਡਕੇ) ਸਿੱਖ ਹਨ, ਅਤੇ ਖਾਲਿਸਤਾਨੀ ਵਿਚਾਰਧਾਰਾ ਦੇ ਸਮਰਥਕ ਵੀ ਹਨ। ਅਣਪਛਾਤੇ ਬੰਦਿਆਂ ਵੱਲੋਂ ਕਤਲ ਕਰ ਦਿੱਤਾ ਗਿਆ ਗੁਰਪ੍ਰੀਤ ਸਿੰਘ ਹਰੀ ਨੌ ਵੀ ਖਾਲਿਸਤਾਨੀ ਸੋਚ ਦਾ ਹਮਾਇਤੀ ਸੀ। ਸੋ ਸਰਕਾਰ ਮੁਤਾਬਕ ਅੰਮ੍ਰਿਤਪਾਲ ਸਿੰਘ ਨੇ ਇੱਕ ਖਾਲਿਸਤਾਨੀ ਦਾ ਕਤਲ ਕਰਵਾ ਦਿੱਤਾ ਹੈ ਅਤੇ 15 ਹੋਰਾਂ ਦਾ ਕਰਵਾਓਣਾ ਚਾਹੁੰਦਾ ਹੈ, ਇਸ ਲਈ ਉਸ ਤੇ NSA ਲਾਓਣੀ ਜਰੂਰੀ ਸੀ। ਇਹ ਗੱਲ ਦੁਨੀਆਂ ਦੇ ਕਿਸੇ ਵੀ ਬੰਦੇ ਕੋਲੋਂ ਲੁਕੀ ਨਹੀਂ ਕਿ ਭਾਰਤ ਸਰਕਾਰ ਵਿਦੇਸ਼ਾਂ ਵਿੱਚ ਖਾਲਿਸਤਾਨੀ ਪੱਖੀ ਲੋਕਾਂ ਦੇ ਕਤਲ ਕਰਵਾ ਰਹੀ ਹੈ। ਅਤੇ ਇਸ ਕੰਮ ਲਈ ਕਰੋੜਾਂ ਰੁਪਈਏ ਵੀ ਖਰਚ ਰਹੀ ਹੈ। ਇਸ ਗੱਲ ਦੀ ਪੁਸ਼ਟੀ ਅਮਰੀਕਾ, ਕਨੇਡਾ ਅਤੇ ਕਈ ਭਾਰਤੀ ਗੈਰ ਸਰਕਾਰੀ ਬੁਲਾਰੇ ਅਤੇ ਰਾਜਨੀਤੀਵਾਨ ਕਰ ਚੁੱਕੇ ਹਨ। ਚਲੋ ਇੱਕ ਮਿੰਟ ਲਈ ਮੰਨ ਲਈਏ ਕੇ ਅੰਮ੍ਰਿਤਪਾਲ ਸਿੰਘ ਨੇ ਹੀ ਗੁਰਪ੍ਰੀਤ ਹਰੀ ਨੌਂ ਦਾ ਕਤਲ ਕਰਵਾਇਆ ਹੈ, ਅਤੇ ਓਹ ਹੋਰ ਵੀ 15 ਬੰਦਿਆ ਦੇ ਕਤਲ ਕਰਵਾਓਣਾ ਚਾਹੁੰਦਾ ਸੀ। ਪਰ ਇਸ ਸਬੰਧੀ ਕੁਝ ਸਵਾਲ ਹਨ, ਜਿੰਨਾ ਦੇ ਜਵਾਬ ਨਹੀ ਮਿਲ ਰਹੇ।



1. ਭਾਈ ਅੰਮ੍ਰਿਤਪਾਲ ਸਿੰਘ ਨੇ ਗੁਰਪ੍ਰੀਤ ਸਿੰਘ ਹਰੀ ਨੌਂ ਦਾ ਕਤਲ ਕਿਓਂ ਕਰਵਾਇਆ, ਅਤੇ ਬਾਕੀ ਦੇ ਪੰਦਰਾਂ ਬੰਦਿਆਂ ਦਾ ਕਤਲ ਕਿਓਂ ਕਰਵਾਓਣਾ ਚਾਹੁੰਦਾ ਹੈ?

2. ਅੰਮ੍ਰਿਤਪਾਲ ਸਿੰਘ ਭਾਰਤੀ ਮੈਂਬਰ ਪਾਰਲੀਮੈਂਟ ਹੈ, ਅਤੇ ਇਸ ਵੇਲੇ ਭਾਰਤੀ ਸਰਕਾਰ ਦਾ ਹੀ ਇੱਕ ਨੁਮਾਇੰਦਾ ਹੈ। ਹੁਣ ਇਹ ਗੱਲ ਸਮਝੋ ਬਾਹਰ ਹੈ ਕਿ ਭਾਰਤੀ ਸਰਕਾਰ ਦਾ ਇੱਕ ਨੁਮਾਇੰਦਾ ਜਿਸ ਨੇ ਇੱਕ ਖਾਲਿਸਤਾਨੀ ਦਾ ਕਤਲ ਕਰਵਾ ਦਿੱਤਾ ਹੈ, ਅਤੇ 15 ਹੋਰਾਂ ਦਾ ਕਰਵਾਓਣਾ ਚਾਹੁੰਦਾ ਹੈ, ਉਸ ਨੂੰ ਸਰਕਾਰ ਇਹ ਕੰਮ ਕਰਨ ਤੋਂ ਕਿਉਂ ਰੋਕ ਰਹੀ ਹੈ? ਜਦੋਂ ਕਿ ਸਰਕਾਰ ਤਾਂ ਆਪ ਲੱਖਾਂ ਡਾਲਰ ਖਰਚ ਕੇ ਬਾਹਰਲੇ ਮੁਲਕਾਂ 'ਚ ਖਾਲਿਸਤਾਨੀ ਸਿੱਖਾਂ ਦਾ ਕਤਲ ਕਰਵਾ ਰਹੀ ਹੈ? ਸੋ ਜੇਕਰ ਅੰਮ੍ਰਿਤਪਾਲ ਸਿੰਘ ਇਹ ਕੰਮ ਮੁਫਤ 'ਚ ਕਰ ਰਿਹਾ ਤੇ ਸਰਕਾਰ ਨੂੰ ਕੀ ਮਸਲਾ ਹੋ ਸਕਦਾ?

3. ਪਰ ਜੇਕਰ ਸਰਕਾਰ ਮੁਤਾਬਕ ਅੰਮ੍ਰਿਤਪਾਲ ਸਿੰਘ ਖਾਲਿਸਤਾਨੀ ਹੈ, ਅਤੇ ਕਤਲ ਕੀਤਾ ਜਾ ਚੁੱਕਾ ਗੁਰਪ੍ਰੀਤ ਸਿੰਘ ਹਰੀ ਨੌਂ ਅਤੇ 15 ਬੰਦੇ ਜਿੰਨਾ ਦੀਆਂ ਸਟੇਟਮੈਂਟ ਹਨ ਕਿ ਸਾਨੂੰ ਅੰਮ੍ਰਿਤਪਾਲ ਸਿੰਘ ਤੋਂ ਖਤਰਾ ਹੈ, ਉਹ ਵੀ ਖਾਲਿਸਤਾਨੀ ਹਨ, ਫਿਰ ਤੇ ਸਿੱਧੀ ਜਹੀ ਗੱਲ ਹੈ ਕੇ ਇੱਕ ਖਾਲਿਸਤਾਨੀ 15 ਹੋਰ ਖਾਲਸਤਾਨੀਆਂ ਦਾ ਕਤਲ ਕਰਵਾਉਣਾ ਚਾਹੁੰਦਾ ਹੈ, ਸੋ ਖਾਲਿਸਤਾਨੀ ਹੀ ਖਾਲਿਸਤਾਨੀਆਂ ਨੂੰ ਮਾਰ ਰਹੇ ਹਨ। ਏਥੇ ਵੀ ਸਰਕਾਰ ਦਾ ਕੰਮ ਹੀ ਸੌਖਾ ਹੋ ਰਿਹਾ ਹੈ। ਫਿਰ ਸਰਕਾਰ ਇੱਕ ਖਾਲਿਸਤਾਨੀ ਤੇ NSA ਲਾਕੇ ਅਤੇ 15 ਦੇ ਵਿੱਚੋਂ ਕੁਝ ਖਾਲਿਸਤਾਨੀਆਂ ਨੂੰ ਪੁਲਸ ਸੁਰੱਖਿਆ ਦੇਕੇ ਉਹਨਾਂ ਨੂੰ ਕਿਉਂ ਬਚਾਉਣਾ ਚਾਹੁੰਦੀ ਹੈ?

4. ਇਹਨਾਂ ਪੰਦਰਾਂ ਬੰਦਿਆਂ ਵਿੱਚੋਂ ਇੱਕ ਸਿਮਰਨਜੀਤ ਸਿੰਘ ਮਾਨ ਦਾ ਵਕੀਲ ਅਤੇ ਬੁਲਾਰਾ ਵੀ ਹੈ। ਬਾਕੀ ਕੁਝ ਓਹਨਾਂ ਦੀ ਪਾਰਟੀ ਤੋਂ ਚੋਣ ਲੜ ਚੁੱਕੇ ਹਨ ਜਾਂ ਬਹੁਤ ਕਰੀਬੀ ਹਨ। ਸਿਮਰਨਜੀਤ ਸਿੰਘ ਮਾਨ ਨੇ ਹੁਣ ਤੱਕ ਇਸ ਗੱਲ ਦੇ ਸਬੂਤ ਜਨਤਕ ਕਿਓਂ ਨਹੀ ਕੀਤੇ ਕੇ ਅੰਮ੍ਰਿਤਪਾਲ ਸਿੰਘ ਸਾਡੇ ਬੁਲਾਰੇ ਅਤੇ ਪਾਰਟੀ ਮੈਂਬਰਾਂ ਨੂੰ ਮਰਵਾਉਣ ਚਾਹੁੰਦਾ ਹੈ? ਜਾਂ ਡੀਜੀਪੀ ਗੌਰਵ ਯਾਦਵ ਦੇ ਬੋਲ ਇਲਾਹੀ ਹੁਕਮ ਕਰਕੇ ਮੰਨ ਲਏ?

5. ਜੇਕਰ ਇਹਨਾਂ ਪੰਦਰਾਂ ਬੰਦਿਆਂ ਦੇ ਬਿਆਨ ਪੁਲਸ ਨੇ ਬਿਨਾਂ ਇਜ਼ਾਜਤ ਤੋਂ ਅਤੇ ਗਲਤ ਤਰੀਕੇ ਵਰਤੇ ਹਨ, ਫਿਰ ਕੱਲੇ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਤੋਂ ਬਿਨਾਂ ਬਾਕੀ 14 ਬੰਦਿਆਂ ਨੇ ਹੁਣ ਤੱਕ ਇਸ ਤੇ ਇਤਰਾਜ ਕਿਓਂ ਨਹੀ ਕੀਤਾ?

6. ਸਰਕਾਰ ਖਾਲਿਸਤਾਨ ਪੱਖੀ ਬੰਦੇ, ਜਿਵੇਂ ਪਲਵਿੰਦਰ ਤਲਵਾੜਾ ਅਤੇ ਬਾਬਾ ਬਖਸ਼ੀਸ਼ ਦੀ ਜਾਨ ਬਚਾਉਣ ਲਈ ਲੋਕਾਂ ਦੇ ਟੈਕਸ ਦਾ ਪੈਸਾ ਇਹਨਾਂ ਦੀ ਸੁਰੱਖਿਆ ਵਿੱਚ ਬਰਬਾਦ ਕਿਓਂ ਕਰ ਰਹੀ ਹੈ? ਜਦੋਂ ਕੇ ਸਰਕਾਰ ਤੇ ਖਾਲਿਸਤਾਨੀਆਂ ਦੀ ਵਿਰੋਧੀ ਹੈ? ਇਹਨਾਂ ਦੀ ਜਾਨ ਨਾਲ ਸਰਕਾਰ ਨੂੰ ਕੀ ਮਤਲਬ? ਇਹਨਾਂ ਦੀ ਜਾਨ ਸਰਕਾਰ ਲਈ ਕੀਮਤੀ ਕਿਓਂ ਹੈ?

7. ਪੰਦਰਾਂ ਬੰਦਿਆਂ ਦੀ ਲਿਸਟ ਵਿੱਚੋਂ ਦੋ ਵਿਦੇਸ਼ ਬੈਠੇ ਹਨ। ਵਿਦੇਸ਼ੀ ਨਾਗਰਿਕਾਂ ਦੀ ਜਾਨ ਦੇ ਅਧਾਰ ਤੇ ਕਿਸੇ ਭਾਰਤੀ ਮੈਂਬਰ ਪਾਰਲੀਮੈਂਟ ਤੇ NSA ਕਿਓਂ?

8. ਇਹ 15 ਬੰਦਿਆਂ ਦੀ ਲਿਸਟ ਗੁਰਪ੍ਰੀਤ ਸਿੰਘ ਹਰੀ ਨੌ ਦੇ ਕਤਲ ਤੋਂ ਬਾਅਦ ਚਰਚਾ ਵਿੱਚ ਆਈ ਸੀ। ਪੰਜਾਬ ਪੁਲਸ ਦੇ ਡੀਜਪੀ ਗੌਰਵ ਯਾਦਵ ਨੇ ਇੱਕ ਪ੍ਰੈਸ ਕੌਨਫਰੰਸ ਵਿੱਚ ਵੀਹ ਗੁਮਨਾਮ ਬੰਦਿਆ ਦਾ ਜਿਕਰ ਕੀਤਾ ਸੀ, ਜਿਨ੍ਹਾਂ ਨੂੰ ਗੌਰਵ ਯਾਦਵ ਮੁਤਾਬਕ ਅੰਮ੍ਰਿਤਪਾਲ ਸਿੰਘ ਤੋਂ ਖਤਰਾ ਹੈ। ਇਸ ਮਗਰੋਂ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅੰਮ੍ਰਿਤਪਾਲ ਸਿੰਘ ਵਿਰੋਧੀ ਸਿੱਖਾਂ ਵੱਲੋਂ ਇਸ Lucky Twenty ਲਿਸਟ ਵਿੱਚ ਆਪਣਾ ਨਾਮ ਦਰਜ ਕਰਵਾਉਣ ਦੀ ਦੌੜ ਲੱਗ ਗਈ ਸੀ। ਵਿਦੇਸ਼ ਬੈਠੇ ਸਿੱਖ ਵੀ ਇੱਕ ਦੂਜੇ ਦੇ ਕੰਨਾਂ 'ਚ ਕਹੀ ਜਾਂਦੇ ਸੀ ਕੇ "ਮੇਰਾ ਨਾਮ ਵੀ ਹੈ ਓਸ ਲਿਸਟ ਵਿੱਚ।" ਇਹਨਾਂ ਸਿੱਖਾਂ ਕੋਲ ਡੀਜਪੀ ਗੌਰਵ ਯਾਦਵ ਦੇ ਬੋਲਾਂ ਤੋਂ ਬਿਨਾਂ ਹੋਰ ਕਿਹੜਾ ਸਬੂਤ ਸੀ ਕੇ ਅੰਮ੍ਰਿਤਪਾਲ ਸਿੰਘ ਨੇ ਕੋਈ ਵੀਹ ਬੰਦੇ ਮਾਰਨ ਲਈ ਚੁਣੇ ਹਨ?

9. ਸਰਕਾਰ ਦੀ ਅੰਮ੍ਰਿਤਪਾਲ ਸਿੰਘ ਤੇ NSA ਲਾਓਣ ਦੀ ਦਲੀਲ ਸੀ ਕੇ ਅਸੀਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣਾ ਚਾਹੁੰਦੇ ਹਾਂ। ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਤੋਂ ਕਈ ਸੌ ਮੀਲ ਦੂਰ ਰੱਖਣ ਦਾ ਕਾਰਨ ਵੀ ਇਹੋ ਦੱਸਿਆ ਗਿਆ ਸੀ। ਫਿਰ ਜੇਕਰ ਅੰਮ੍ਰਿਤਪਾਲ ਸਿੰਘ Preventive custody ਵਿੱਚ ਬੈਠਾ ਵੀ ਪੰਜਾਬ ਕਿਸੇ ਦਾ ਕਤਲ ਕਰਵਾ ਗਿਆ ਤੇ ਫਿਰ ਸਰਕਾਰ ਤੇ ਪ੍ਰਸ਼ਾਸਨ ਆਪਣੀ ਇਸ ਨਾਕਾਮੀ ਦੀ ਜ਼ੁੰਮੇਵਾਰੀ ਕਦੋਂ ਲਊ?

10. ਜੇਕਰ ਇਹਨਾਂ ਪੰਦਰਾਂ ਬੰਦਿਆਂ ਨੂੰ ਸੱਚੀਂ ਲੱਗਦਾ ਕੇ ਅੰਮ੍ਰਿਤਪਾਲ ਸਿੰਘ ਇਹਨਾਂ ਨੂੰ ਮਰਵਾਉਣਾ ਚਾਹੁੰਦਾ ਹੈ, ਤੇ ਕਿਓਂ? ਜੇਕਰ ਨਹੀ ਲੱਗਦਾ ਤੇ ਹੁਣ ਤੱਕ ਇਹਨਾਂ ਇਸ ਸਬੰਧੀ ਸਪਸ਼ਟੀਕਰਨ ਕਿਓਂ ਨਹੀ ਦਿੱਤਾ ਕੇ ਪੁਲਸ ਨੇ ਸਾਡੇ ਨਾਮ ਸਾਡੀ ਮਰਜੀ ਤੋਂ ਬਿਨਾਂ ਪਾਏ ਹਨ? ਆਪਣੇ ਆਪ ਨੂੰ ਨਿਰਪੱਖ ਕਹਾਓਣ ਵਾਲੇ ਸਿੱਖ ਜੋ ਇਹਨਾਂ ਪੰਦਰਾਂ ਬੰਦਿਆ ਨਾਲ ਸਾਂਝ ਰੱਖਦੇ ਹਨ, ਓਹਨਾਂ ਵੀ ਇਹਨਾਂ ਨੂੰ ਇਹ ਸਵਾਲ ਕਿਓਂ ਨਹੀ ਕੀਤੇ?

11. ਮਾਨ ਦਲ ਦੇ ਵਕੀਲ ਅਤੇ ਬੁਲਾਰੇ ਸਿਮਰਨਜੀਤ ਮੁਤਾਬਕ ਅਮਰੀਕਾ ਤੋਂ ਬਗੇਲ ਸਿੰਘ ਨੇ ਇਹਨਾਂ ਪੰਦਰਾਂ ਬੰਦਿਆਂ ਦੀ ਲਿਸਟ ਜਾਰੀ ਕਰਕੇ ਇਹਨਾਂ ਨੂੰ ਮਾਰਨ ਦੀ ਗੱਲ ਕਹੀ ਸੀ। ਇਸ ਗੱਲ ਦਾ ਕੋਈ ਸਬੂਤ? ਕਿਉਂਕਿ ਮੇਰੀ ਜਾਣਕਾਰੀ ਮੁਤਾਬਕ ਤੇ ਬਘੇਲ ਸਿੰਘ ਨੇ ਅੰਮ੍ਰਿਤਪਾਲ ਸਿੰਘ ਤੇ ਲੱਗੀਆਂ NSA Grounds ਜਨਤਕ ਕੀਤੀਆਂ ਸੀ, ਜਿੰਨਾ ਵਿੱਚ ਇਹਨਾਂ ਪੰਦਰਾਂ ਬੰਦਿਆਂ ਦੇ ਨਾਮ ਸਨ। ਮਾਨ ਦਲ ਇਸ ਸਬੰਧੀ ਆਪਣਾ ਪੱਖ ਸਪਸ਼ਟ ਕਰੇ। ••

## ਸ਼੍ਰੋਮਣੀ ਅਕਾਲੀ ਦਲ ਦਾ ਖ਼ਾਲਸਾ ਪੰਥ

# ਪੰਜਾਬ, ਪੰਜਾਬੀਅਤ ਪ੍ਰਤੀ ਵੱਡਾ ਯੋਗਦਾਨ —ਕਰਨੈਲ ਸਿੰਘ ਪੀਰ ਮੁਹੰਮਦ

**ਚੰਡੀਗੜ੍ਹ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ 105ਵੇਂ ਸਥਾਪਨਾ ਦਿਵਸ ਮੌਕੇ ਸਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਸਮੁੱਚੀ ਕੌਮ ਨੂੰ ਮੁਬਾਰਕਬਾਦ ਦਿੱਤੀ ਅਤੇ ਪਾਰਟੀ ਦੇ ਮਹਾਨ ਇਤਿਹਾਸ ਨੂੰ ਯਾਦ ਕੀਤਾ। ਸ. ਕਰਨੈਲ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ "14 ਦਸੰਬਰ 1920 ਨੂੰ ਹੋਂਦ ਵਿੱਚ ਆਇਆ ਸ਼੍ਰੋਮਣੀ ਅਕਾਲੀ ਦਲ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਸਗੋਂ ਸਿੱਖ ਕੌਮ ਦੇ ਸੰਘਰਸ਼, ਕੁਰਬਾਨੀ ਅਤੇ ਆਜ਼ਾਦੀ ਦਾ ਪ੍ਰਤੀਕ ਹੈ। ਇਸਦੇ 105 ਸਾਲਾਂ ਦੇ ਇਤਿਹਾਸ ਵਿੱਚ ਪਾਰਟੀ ਨੇ ਦੋ ਮੁੱਖ ਜੰਗਾਂ ਲੜੀਆਂ:



* ਗੁਰਦੁਆਰਾ ਸੁਧਾਰ ਲਹਿਰ: ਜਿਸ ਨੇ ਸਾਡੇ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਤੋਂ ਮੁਕਤ ਕਰਵਾਇਆ ਅਤੇ ਸਿੱਖੀ ਪ੍ਰਬੰਧ ਨੂੰ ਕਾਇਮ ਕੀਤਾ।
* ਪੰਜਾਬੀ ਸੂਬਾ ਮੋਰਚਾ: ਜਿਸ ਦੇ ਫਲਸਰੂਪ ਭਾਸ਼ਾਈ ਆਧਾਰ 'ਤੇ ਮੌਜੂਦਾ ਪੰਜਾਬ ਹੋਂਦ ਵਿੱਚ ਆਇਆ।

ਸ. ਪੀਰ ਮੁਹੰਮਦ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਅਕਾਲੀ ਦਲ ਹੀ ਸੀ ਜਿਸ ਨੇ ਦੇਸ਼ ਨੂੰ 'ਕੌਮੀ ਹਿੱਤਾਂ' ਦੀ ਆੜ ਵਿੱਚ 'ਕੇਂਦਰੀਕਰਨ' ਦੀਆਂ ਨੀਤੀਆਂ ਤੋਂ ਬਚਾਉਣ ਲਈ 'ਸੂਬਿਆਂ ਨੂੰ ਵਧੇਰੇ ਅਧਿਕਾਰ (Federalism)' ਦੇਣ ਦੀ ਲੜਾਈ ਲੜੀ, ਜਿਸਦੀ ਅੱਜ ਵੀ ਸਾਰੇ ਦੇਸ਼ ਵਿੱਚ ਪ੍ਰਸ਼ੰਸਾ ਹੁੰਦੀ ਹੈ!

**ਵਰਤਮਾਨ ਸਮੇਂ ਦੀ ਚੁਣੌਤੀ:** ਉਨ੍ਹਾਂ ਕਿਹਾ, "ਅੱਜ ਜਦੋਂ ਪੰਜਾਬ ਮੁੜ ਸਿਆਸੀ ਅਸਥਿਰਤਾ ਅਤੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ, ਤਾਂ ਸ਼੍ਰੋਮਣੀ ਅਕਾਲੀ ਦਲ ਦਾ 105 ਸਾਲਾ ਸੰਘਰਸ਼ ਭਰਿਆ ਇਤਿਹਾਸ ਸਾਨੂੰ ਪ੍ਰੇਰਿਤ ਕਰਦਾ ਹੈ। ਅਸੀਂ ਅੱਜ ਵੀ ਪੰਜਾਬ ਦੇ ਮੁੱਦਿਆਂ - ਬੰਦੀ ਸਿੰਘਾਂ ਦੀ ਰਿਹਾਈ, ਸੂਬੇ ਦੇ ਪਾਣੀਆਂ ਦੀ ਰਾਖੀ, ਅਤੇ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ - ਲਈ ਲੜਨ ਲਈ ਵਚਨਬੱਧ ਹਾਂ।" ਸ. ਪੀਰ ਮੁਹੰਮਦ ਨੇ ਅੰਤ ਵਿੱਚ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਇਕਜੁੱਟ ਹੋਣ, ਤਾਂ ਜੋ ਪੰਜਾਬ ਨੂੰ ਮੁੜ ਖੁਸ਼ਹਾਲੀ ਅਤੇ ਸ਼ਾਂਤੀ ਦੇ ਰਾਹ 'ਤੇ ਲਿਆਂਦਾ ਜਾ ਸਕੇ ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ 2 ਦਸੰਬਰ 2024 ਦੇ ਹੁਕਮਨਾਮੇ ਤੇ ਪਹਿਰਾ ਦੇਣਾ ਚਾਹੀਦਾ ਹੈ।

# ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਨੇ ਕੈਂਸਰ ਦੇ ਇਲਾਜ ਅਤੇ ਸਿਹਤਯਾਬੀ ਬਾਰੇ ਕੀਤੀ ਚਰਚਾ

**ਲੰਡਨ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-**ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਨੇ ਪਹਿਲੀ ਵਾਰ ਜਨਤਕ ਤੌਰ 'ਤੇ ਆਪਣੇ ਕੈਂਸਰ ਦੇ ਇਲਾਜ ਅਤੇ ਸਿਹਤ ਵਿੱਚ ਹੋ ਰਹੇ ਸੁਧਾਰ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ। ਮਹਾਰਾਜਾ ਚਾਰਲਸ ਨੇ ਕਿਹਾ ਕਿ ਕੈਂਸਰ ਨਾਲ ਜੂਝਣਾ ਜੀਵਨ ਦਾ ਇੱਕ ਕਠਿਨ ਅਨੁਭਵ ਹੈ, ਪਰ ਇਸ ਦੌਰਾਨ ਮਿਲੇ ਡਾਕਟਰੀ ਇਲਾਜ ਅਤੇ ਲੋਕਾਂ ਦੇ ਸਹਿਯੋਗ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ। ਮਹਾਰਾਜਾ ਨੇ ਦੱਸਿਆ ਕਿ ਇਲਾਜ ਦੌਰਾਨ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਕੈਂਸਰ ਨਾਲ ਲੜ ਰਹੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਹ ਅਨੁਭਵ ਉਨ੍ਹਾਂ ਨੂੰ ਹੋਰ ਵੀ ਸੰਵੇਦਨਸ਼ੀਲ ਅਤੇ ਮਨੁੱਖੀ ਬਣਾਉਂਦਾ ਹੈ। ਚਾਰਲਸ ਤੀਜੇ ਨੇ ਕੈਂਸਰ ਸੰਬੰਧੀ ਸੇਵਾਵਾਂ ਨਾਲ ਜੁੜੀਆਂ ਸੰਸਥਾਵਾਂ, ਡਾਕਟਰਾਂ, ਨਰਸਾਂ ਅਤੇ ਸੇਵਾਦਾਰਾਂ ਦੀ ਭੂਮਿਕਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਦੀ ਮਿਹਨਤ ਅਤੇ ਸਮਰਪਣ ਕਰਕੇ ਹੀ ਹਜ਼ਾਰਾਂ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਦੀ ਆਸ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੈਂਸਰ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਸਮੇਂ ਸਿਰ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਇਸ ਬਿਮਾਰੀ ਦਾ ਮੁਕਾਬਲਾ ਸ਼ੁਰੂਆਤੀ ਪੜਾਅ 'ਤੇ ਹੀ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਸਾਲ ਦੀ ਸ਼ੁਰੂਆਤ ਵਿੱਚ ਮਹਾਰਾਜਾ ਚਾਰਲਸ ਤੀਜੇ ਦੇ ਕੈਂਸਰ ਨਾਲ ਪੀੜਤ ਹੋਣ ਦੀ ਪੁਸ਼ਟੀ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਇਲਾਜ ਲੈਣਾ ਸ਼ੁਰੂ ਕੀਤਾ। ਹੁਣ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆ ਰਿਹਾ ਹੈ ਅਤੇ ਉਹ ਹੌਲੀ-ਹੌਲੀ ਸਰਕਾਰੀ ਜ਼ਿੰਮੇਵਾਰੀਆਂ ਵੱਲ ਵਾਪਸੀ ਕਰ ਰਹੇ ਹਨ।



# ਯੂਕੇ ਵਿੱਚ Employment Rights Bill ਦਾ ਟ੍ਰੇਡ ਯੂਨੀਅਨਾਂ ਵੱਲੋਂ ਸਵਾਗਤ, ਪਰ ਮਜ਼ਦੂਰਾਂ ਦੇ ਹੱਕਾਂ ਲਈ ਖ਼ਤਰੇ ਹਾਲੇ ਵੀ ਕਾਇਮ

**ਲੰਡਨ, 14 ਦਸੰਬਰ (ਆਵਾਜ਼ਿ ਕੌਮ ਬਿਊਰੋ)-**ਯੂਨਾਈਟਡ ਕਿੰਗਡਮ ਸਰਕਾਰ ਵੱਲੋਂ ਪੇਸ਼ ਕੀਤਾ ਗਿਆ Employment Rights Bill ਟ੍ਰੇਡ ਯੂਨੀਅਨਾਂ ਵੱਲੋਂ ਸਵਾਗਤਯੋਗ ਕਦਮ ਦੱਸਿਆ ਜਾ ਰਿਹਾ ਹੈ, ਪਰ ਮਜ਼ਦੂਰ ਵਰਗ ਦੇ ਅਸਲ ਹੱਕਾਂ ਦੀ ਪੂਰੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵੀ ਸਾਹਮਣੇ ਆ ਰਹੀਆਂ ਹਨ। ਇਸ ਸਬੰਧੀ ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇਹ ਬਿੱਲ ਮਜ਼ਦੂਰਾਂ ਲਈ ਕੁਝ ਸਕਾਰਾਤਮਕ ਉਮੀਦਾਂ ਜਰੂਰ ਪੈਦਾ ਕਰਦਾ ਹੈ, ਪਰ ਇਸ ਵਿੱਚ ਅਜੇ ਵੀ ਕਈ ਅਹੰਕਾਰਪੂਰਨ ਕਮੀਆਂ ਮੌਜੂਦ ਹਨ, ਜੋ ਮਜ਼ਦੂਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਸੀਤਲ ਸਿੰਘ ਗਿੱਲ ਨੇ ਦੱਸਿਆ ਕਿ ਟ੍ਰੇਡ ਯੂਨੀਅਨਾਂ ਦੀ ਲੰਮੇ ਸਮੇਂ ਤੋਂ ਮੰਗ ਰਹੀ ਹੈ ਕਿ ਹਰ ਮਜ਼ਦੂਰ ਨੂੰ ਨੌਕਰੀ ਦੇ ਪਹਿਲੇ ਦਿਨ ਤੋਂ ਹੀ ਪੂਰੇ ਰੁਜ਼ਗਾਰਕ ਹੱਕ, ਬਰਖ਼ਾਸਤਗੀ ਤੋਂ ਸੁਰੱਖਿਆ, ਸਥਿਰ ਰੁਜ਼ਗਾਰ ਅਤੇ ਯੂਨੀਅਨ ਬਣਾਉਣ ਦਾ ਅਧਿਕਾਰ ਮਿਲੇ। ਪਰ ਮੌਜੂਦਾ ਬਿੱਲ ਵਿੱਚ ਅਜਿਹੇ ਕਈ ਬਿੰਦੂ ਹਨ, ਜੋ ਮਾਲਕਾਂ ਨੂੰ ਲਚਕ ਦੇ ਨਾਮ 'ਤੇ ਮਜ਼ਦੂਰਾਂ ਦੇ ਹੱਕਾਂ ਨਾਲ ਸਮਝੌਤਾ ਕਰਨ ਦਾ ਮੌਕਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਸਥਾਈ, ਜ਼ੀਰੋ-ਆਵਰ ਕਾਂਟ੍ਰੈਕਟਾਂ ਅਤੇ ਗਿਗ ਇਕਾਨਮੀ ਨਾਲ ਜੁੜੇ ਮਜ਼ਦੂਰਾਂ ਲਈ ਇਹ ਬਿੱਲ ਪੂਰੀ ਤਰ੍ਹਾਂ ਸੁਰੱਖਿਆ ਯਕੀਨੀ ਨਹੀਂ ਬਣਾਉਂਦਾ। ਇਸ ਤੋਂ ਇਲਾਵਾ, ਬਰਾਬਰ ਤਨਖ਼ਾਹ, ਕੰਮਕਾਜੀ ਸੁਰੱਖਿਆ ਅਤੇ ਯੂਨੀਅਨ ਹੱਕਾਂ ਬਾਰੇ ਵੀ ਬਿੱਲ ਵਿੱਚ ਸਪਸ਼ਟਤਾ ਦੀ ਕਮੀ ਹੈ। ਸੀਤਲ ਸਿੰਘ ਗਿੱਲ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਸਰਕਾਰ ਵਾਸਤਵ ਵਿੱਚ ਮਜ਼ਦੂਰ ਹਿੱਤੈਸ਼ੀ ਕਾਨੂੰਨ ਲਿਆਉਣਾ ਚਾਹੁੰਦੀ ਹੈ ਤਾਂ ਟ੍ਰੇਡ ਯੂਨੀਅਨਾਂ ਨਾਲ ਵਿਆਪਕ ਸਲਾਹ-ਮਸ਼ਵਰਾ ਕਰਨਾ ਲਾਜ਼ਮੀ ਹੈ ਅਤੇ ਬਿੱਲ ਵਿੱਚ ਮਜ਼ਦੂਰਾਂ ਦੇ ਹੱਕਾਂ ਨੂੰ ਮਜ਼ਬੂਤੀ ਨਾਲ ਦਰਜ ਕਰਨਾ ਹੋਵੇਗਾ। ਅੰਤ ਵਿੱਚ ਉਨ੍ਹਾਂ ਕਿਹਾ ਕਿ ਇੰਡਿਅਨ ਵਰਕਰਜ਼ ਅਸੋਸੀਏਸ਼ਨ (72) ਅਤੇ ਹੋਰ ਟ੍ਰੇਡ ਯੂਨੀਅਨਾਂ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਲਈ ਆਪਣੀ ਲੜਾਈ ਜਾਰੀ ਰੱਖਣਗੀਆਂ ਅਤੇ ਸਰਕਾਰ 'ਤੇ ਦਬਾਅ ਬਣਾਇਆ ਜਾਵੇਗਾ ਤਾਂ ਜੋ Employment Rights Bill ਨੂੰ ਮਜ਼ਦੂਰ-ਹਿਤੈਸ਼ੀ ਬਣਾਇਆ ਜਾ ਸਕੇ।




# ਮੋਗਾ ਵਿੱਚ ਵਾਪਰਿਆ ਵੱਡਾ ਹਾਦਸਾ, ਚੋਣਾਂ ਦੀ ਡਿਊਟੀ ਦੇਣ ਜਾ ਰਹੇ ਅਧਿਆਪਕ ਪਤੀ ਪਤਨੀ ਦੀ ਕਾਰ ਸੂਏ ਵਿੱਚ ਡਿੱਗਣ ਨਾਲ ਮੌਤ





**ਮੋਗਾ, 14 ਦਸੰਬਰ 2025 (ਆਵਾਜਿ ਕੌਮ ਬਿਉਰੋ ਰਿਪੋਰਟ)-** ਲਛਮਣਜੀਤ ਸਿੰਘ ਪੁਰਬਾ, ਗੁਰਪ੍ਰੀਤ ਸਿੰਘ - ਅੱਜ ਤੜਕਸਾਰ ਮੋਗਾ ਜ਼ਿਲਾ ਦੇ ਹਲਕਾ ਬਾਘਾ ਪੁਰਾਣਾ ਦੇ ਪਿੰਡ ਸੰਗਤਪੁਰਾ ਕੋਲੇ ਟੀਚਰ ਕਮਲਜੀਤ ਕੌਰ ਪਤਨੀ ਜਸਕਰਨ ਸਿੰਘ ਵਾਸੀ ਮਾਨਸਾ ਹਾਲ ਆਬਾਦ ਧੂੜਕੋਟ ਰਣਸੀਂਹ ਦਾ ਸਵੇਰੇ ਧੁੰਦ ਕਾਰਨ ਵੱਡਾ ਹਾਦਸਾ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਚੋਣਾਂ ਦੇ ਵਿੱਚ ਲੱਗੀ ਡਿਊਟੀ ਤੇ ਪਿੰਡ ਮਾੜੀ ਮੁਸਤਫਾ ਜਾ ਰਹੇ ਸੀ ਪਿੰਡ ਜਿੱਥੇ ਉਨਾਂ ਦੀ ਕਾਰ ਸੂਏ ਵਿੱਚ ਭਾਰੀ ਧੁੰਦ ਹੋਣ ਕਾਰਨ ਡਿੱਗ ਪਈ ਅਤੇ ਇਸ ਹਾਦਸੇ ਦੌਰਾਨ ਦੋਵਾਂ ਦੀ ਮੌਤ ਗਈ ਜਿਨਾਂ ਦੀਆਂ ਡੈਡ ਬਾਡੀਆਂ ਸਿਵਲ ਹਸਪਤਾਲ ਬਾਘਾ ਪੁਰਾਣਾ ਮੋਰਚਰੀ ਦੇ ਵਿੱਚ ਰਖਵਾ ਕੇ ਪੁਲਿਸ ਵੱਲੋਂ ਅਗਲੀ ਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਗੁਰਮਤਿ ਵਿੱਦਿਆ ਖੋਜ ਕੇਂਦਰ ਮੜ ਬਾਗ ਸੰਤਪੁਰ ਡੰਨਾਂ ਜੰਮੂ ਵਿਖੇ ਸੰਤ ਤੇਜਵੰਤ ਸਿੰਘ ਜੀ ਅਤੇ ਸੰਗਤਾਂ ਦੇ ਸਹਿਯੋਗ ਨਾਲ

# ਤੀਜਾ ਮਹਾਨ ਗੁਰਮਤਿ ਸਮਾਗਮ ਆਯੋਜਿਤ

## ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਮਤਿ ਵਿਦਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਬੇਅੰਤ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ













ਗੁਰਮਤਿ ਵਿੱਦਿਆ ਖੋਜ ਕੇਂਦਰ ਮੜ ਬਾਗ ਸੰਤਪੁਰ ਡੰਨਾਂ ਜੰਮੂ ਵਿਖੇ ਸੰਤ ਤੇਜਵੰਤ ਸਿੰਘ ਜੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਤੀਜਾ ਮਹਾਨ ਗੁਰਮਤਿ ਸਮਾਗਮ 14 ਦਸੰਬਰ 2025 ਨੂੰ ਕੀਤਾ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਮਤਿ ਵਿਦਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਬੇਅੰਤ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ ਸੰਤ ਤੇਜਵੰਤ ਸਿੰਘ ਜੀ ਭਾਈ ਬਲਵੰਤ ਸਿੰਘ ਬਾਸਪੁਰ ਅਤੇ ਪ੍ਰਬੰਧਕਾਂ ਵੱਲੋਂ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਗੁਰੂ ਕਾ ਲੰਗਰ ਅਤੁੱਟ ਵਰਤਿਆ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243